# ਸ਼੍ਰੇਣੀ - ਦਸਵੀਂ

# ਵਿਸ਼ਾ - ਖੇਤੀਬਾੜੀ (35-H)

## ਵਿਲੱਖਣ ਸਮਰੱਥਾ ਵਾਲੇ ਵਿਦਿਆਰਥੀਆਂ ਲਈ

- ਪਾਠਕ੍ਰਮ
- ਪ੍ਰਸ਼ਨ-ਪੱਤਰ ਦੀ ਰੂਪ ਰੇਖਾ
- ਪ੍ਰਸ਼ਨ ਬੈਂਕ


# ਪੰਜਾਬ ਸਕੂਲ ਸਿੱਖਿਆ ਬੋਰਡ

## ਸਾਹਿਬਜ਼ਾਦਾ ਅਜੀਤ ਸਿੰਘ ਨਗਰ ।

## ਸ਼੍ਰੇਣੀ – ਦਸਵੀਂ
## ਵਿਸ਼ਾ – ਖੇਤੀਬਾੜੀ (35-H)

**ਸਮਾਂ :** $2\frac{1}{2}$ **ਘੰਟੇ**

| | | |
|---|---|---|
| **ਲਿਖਤੀ ਪ੍ਰੀਖਿਆ** | : | 50 **ਅੰਕ** |
| **ਪ੍ਰਯੋਗੀ ਪ੍ਰੀਖਿਆ** | : | 40 **ਅੰਕ** |
| **ਆਂਤਰਿਕ ਮੁਲਾਂਕਣ** | : | 10 **ਅੰਕ** |

## ਪਾਠ-ਕ੍ਰਮ (ਲਿਖਤੀ)

### ਸੈਕਸ਼ਨ – ੳ

1. **ਖੇਤੀਬਾੜੀ ਸਹਿਯੋਗੀ ਸੰਸਥਾਵਾਂ** : ਰਾਜ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਵੱਖ-ਵੱਖ ਖੇਤੀਬਾੜੀ ਸਹਿਯੋਗੀ ਸੰਸਥਾਵਾਂ ਅਤੇ ਉਨ੍ਹਾਂ ਦਾ ਖੇਤੀਬਾੜੀ ਦੇ ਵਿਕਾਸ ਵਿੱਚ ਯੋਗਦਾਨ ।

2. **ਖੇਤੀ ਗਿਆਨ-ਵਿਗਿਆਨ ਦਾ ਸੋਮਾ – ਪੰਜਾਬ ਐਗਰੀਕਲਚਰਲ ਯੂਨੀਵਰਸਿਟੀ** : ਸਥਾਪਨਾ, ਉਦੇਸ਼ ਅਤੇ ਗਤੀਵਿਧੀਆਂ ਆਦਿ ਸਬੰਧੀ ਜਾਣਕਾਰੀ । ਖੇਤੀਬਾੜੀ ਸਿੱਖਿਆ, ਖੋਜ ਅਤੇ ਪਸਾਰ ਦੇ ਖੇਤਰ ਵਿੱਚ ਯੋਗਦਾਨ ।

3. **ਹਾੜ੍ਹੀ ਦੀਆਂ ਫ਼ਸਲਾਂ** : ਹਾੜ੍ਹੀ ਦੀਆਂ ਅਨਾਜ ਵਾਲੀਆਂ ਫ਼ਸਲਾਂ : ਕਣਕ ਅਤੇ ਜੌਂ, ਦਾਲ ਵਾਲੀਆਂ ਫ਼ਸਲਾਂ : ਛੋਲੇ ਅਤੇ ਮਸਰ, ਤੇਲ ਬੀਜ ਫ਼ਸਲਾਂ : ਰਾਇਆ, ਗੋਭੀ ਸਰੋਂ ਅਤੇ ਸੂਰਜਮੁਖੀ, ਚਾਰੇ ਵਾਲੀਆਂ ਫ਼ਸਲਾਂ : ਬਰਸੀਮ ਅਤੇ ਜਵੀਂ ਦੀ ਕਾਸ਼ਤ ਸਬੰਧੀ ਜਾਣਕਾਰੀ ।

4. **ਸਰਦੀਆਂ ਦੀਆਂ ਸਬਜ਼ੀਆਂ ਦੀ ਕਾਸ਼ਤ** : ਸਬਜ਼ੀਆਂ ਦਾ ਮਹੱਤਵ ਅਤੇ ਮੁੱਢਲੀ ਜਾਣਕਾਰੀ । ਸਰਦੀਆਂ ਦੀਆਂ ਸਬਜ਼ੀਆਂ ਗਾਜਰ, ਮੂਲੀ, ਮਟਰ, ਫੁੱਲ ਗੋਭੀ, ਬੰਦ ਗੋਭੀ, ਬਰੋਕਲੀ, ਚੀਨੀ ਬੰਦ ਗੋਭੀ ਅਤੇ ਆਲੂ ਦੀ ਕਾਸ਼ਤ ਸਬੰਧੀ ਜਾਣਕਾਰੀ।

5. **ਫਲਦਾਰ ਪੌਦਿਆਂ ਦੀ ਕਾਸ਼ਤ** : ਮਨੁੱਖੀ ਭੋਜਨ ਵਿੱਚ ਫਲਾਂ ਦਾ ਮਹੱਤਵ, ਜਲਵਾਯੂ ਦੇ ਅਧਾਰ ਤੇ ਇਲਾਕਿਆਂ ਦੀ ਵੰਡ, ਬਾਗ਼ ਲਗਾਉਣ ਦਾ ਸਮਾਂ, ਮਿੱਟੀ, ਪਾਣੀ, ਵਿਉਂਤਬੰਦੀ, ਬੂਟੇ ਲਗਾਉਣ ਦਾ ਢੰਗ, ਉੱਨਤ ਕਿਸਮਾਂ, ਫ਼ਾਸਲਾ, ਨਰਸਰੀ ਤੋਂ ਬੂਟਿਆਂ ਦੀ ਚੋਣ, ਖਾਦਾਂ ਦੀ ਵਰਤੋਂ, ਸਿੰਚਾਈ, ਸੁਧਾਈ, ਕਾਂਟ-ਛਾਂਟ, ਫਲਾਂ ਦੀ ਤੁੜਾਈ ਆਦਿ ਸਬੰਧੀ ਜਾਣਕਾਰੀ ।

24 **ਅੰਕ**

### ਸੈਕਸ਼ਨ – ਅ

6. **ਵਣ ਖੇਤੀ** : ਵਣ ਖੇਤੀ ਦੀ ਮਹੱਤਤਾ, ਮੁੱਖ ਮਾਡਲ, ਦਰੱਖਤਾਂ ਦੀ ਚੋਣ, ਵਪਾਰਕ ਵਣ ਖੇਤੀ, ਪਾਪੂਲਰ ਅਤੇ ਸਫ਼ੈਦੇ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ।

7. **ਆਰਥਿਕ ਵਿਕਾਸ ਵਿੱਚ ਖੇਤੀ ਦਾ ਯੋਗਦਾਨ** : ਕੁੱਲ ਘਰੇਲੂ ਆਮਦਨ ਵਿੱਚ ਹਿੱਸੇਦਾਰੀ, ਉਦਯੋਗਿਕ ਵਿਕਾਸ ਵਿੱਚ ਖੇਤੀਬਾੜੀ ਤੇ ਨਿਰਭਰਤਾ, ਸੇਵਾਵਾਂ ਖੇਤਰ, ਹਰਾ ਇਨਕਲਾਬ, ਆਤਮ-ਨਿਰਭਰ ਦੇਸ, ਲੋਕ ਵਿਤਰਨ ਪ੍ਰਣਾਲੀ, ਭੋਜਨ ਸੁਰੱਖਿਆ ਐਕਟ , ਅੰਤਰ ਰਾਸ਼ਟਰੀ ਵਪਾਰ ਅਤੇ ਸਰਕਾਰ ਦੀ ਆਮਦਨ ਵਿੱਚ ਵਾਧੇ ਆਦਿ ਸਬੰਧੀ ਜਾਣਕਾਰੀ ।

8. **ਖੇਤੀ ਅਧਾਰਿਤ ਉਦਯੋਗਿਕ ਧੰਦੇ** : ਛੋਟੇ ਅਤੇ ਵੱਡੇ ਪੱਧਰ ਤੇ ਫੂਡ ਪ੍ਰੋਸੈਸਿੰਗ ਇਕਾਈਆਂ ਲਗਾਉਣ ਸਬੰਧੀ ਜਾਣਕਾਰੀ ।

9. **ਤਸਦੀਕਸ਼ੁਦਾ ਬੀਜ ਉਤਪਾਦਨ** : ਹਰੀ ਕ੍ਰਾਂਤੀ ਵਿੱਚ ਉੱਨਤ ਬੀਜਾਂ ਦਾ ਯੋਗਦਾਨ, ਬੀਜਾਂ ਦੇ ਬਾਹਰੀ ਦਿੱਖ ਵਾਲੇ ਗੁਣ, ਫ਼ਸਲਾਂ ਦੇ ਜੱਦੀ ਪੁਸ਼ਤੀ ਗੁਣ, ਤਸਦੀਕਸ਼ੁਦਾ ਬੀਜ ਦੀ ਪਰਿਭਾਸ਼ਾ, ਗੁਣ, ਨਿਸ਼ਾਨੀਆਂ, ਬੀਜ ਕਾਨੂੰਨ 1966, ਬੀਜਾਂ ਦੀਆਂ ਸ਼੍ਰੇਣੀਆਂ, ਮਿਆਰ, ਉਤਪਾਦਨ, ਸਰਕਾਰੀ ਸੰਸਥਾਵਾਂ ਵੱਲੋਂ ਸਹੂਲਤਾਂ, ਲਾਭ-ਹਾਨੀ ਦੀ ਸੰਭਾਵਨਾਵਾਂ ਅਤੇ ਮੰਡੀਕਰਨ ।

10. **ਫ਼ਸਲਾਂ ਲਈ ਹਾਨੀਕਾਰਕ ਅਤੇ ਲਾਭਦਾਇਕ ਜੀਵ** : ਫ਼ਸਲਾਂ ਲਈ ਲਾਭਦਾਇਕ ਪੰਛੀ – ਨੀਲ ਕੰਠ, ਟਟੀਹਰੀ, ਗਾਏ ਬਗਲਾ, ਤੋਤਾ, ਉੱਲੂ, ਚੁਗਲ ਅਤੇ ਚੱਕੀਰਾਹਾ ਆਦਿ ਸਬੰਧੀ ਜਾਣਕਾਰੀ ਅਤੇ ਉਨ੍ਹਾਂ ਨੂੰ ਬਚਾਉਣ ਨੂੰ ਕੀਤੇ ਜਾਣ ਵਾਲੇ ਉਪਰਾਲੇ । ਫ਼ਸਲਾਂ ਲਈ ਹਾਨੀਕਾਰਕ ਪੰਛੀ – ਤੋਤਾ, ਘੁੱਗੀ, ਕਬੂਤਰ ਅਤੇ ਬਿਜੜੇ ਆਦਿ ਤੋਂ ਬਚਾਓ ਦੇ ਤਰੀਕੇ । ਹਾਨੀਕਾਰਕ ਜੰਤੂ – ਚੂਹਿਆਂ ਦੀਆਂ ਵੱਖ-ਵੱਖ ਕਿਸਮਾਂ ਅਤੇ ਇਨ੍ਹਾਂ ਦੀ ਰੋਕਥਾਮ ਸਬੰਧੀ ਜਾਣਕਾਰੀ ।

11. **ਪੌਦਾ ਰੋਗ ਨਿਵਾਰਨ ਕਲੀਨਿਕ** : ਪਲਾਂਟ ਕਲੀਨਿਕ ਦੀ ਪਰਿਭਾਸ਼ਾ, ਲਾਭ, ਪਲਾਂਟ ਕਲੀਨਿਕ ਸਥਾਪਿਤ ਕਰਨ ਲਈ ਲੋੜੀਂਦੀ ਸਮੱਗਰੀ ਦੀ ਵਿਸਥਾਰ ਪੂਰਵਕ ਜਾਣਕਾਰੀ ।

26 **ਅੰਕ**

ਭੁਪਿੰਦਰ

## ਸ਼੍ਰੇਣੀ – ਦਸਵੀਂ

## ਵਿਸ਼ਾ – ਖੇਤੀਬਾੜੀ (35-H)

### ਵਿਲੱਖਣ ਸਮਰੱਥਾ ਵਾਲੇ (ਨੇਤਰਹੀਣ/ਬਹਿਰੇ/ਮੰਦਬੁੱਧੀ) ਪ੍ਰੀਖਿਆਰਥੀਆਂ ਦੀ ਲਿਖਤੀ ਪ੍ਰੀਖਿਆ ਦੇ ਪ੍ਰਸ਼ਨ ਪੱਤਰ ਦੀ ਬਣਤਰ

**ਸਮਾਂ : $2\frac{1}{2}$ ਘੰਟੇ** **ਕੁੱਲ ਅੰਕ : 50 ਅੰਕ**

**ਪ੍ਰਸ਼ਨ ਪੱਤਰ ਵਿੱਚ ਕੁੱਲ 21 ਪ੍ਰਸ਼ਨ ਹੋਣਗੇ । ਅੰਕਾਂ ਦੀ ਵੰਡ ਹੇਠ ਲਿਖੇ ਅਨੁਸਾਰ ਹੈ :**

| ਸੈਕਸ਼ਨ | ਪਾਠ ਨੰਬਰ | 2-2 ਅੰਕਾਂ ਵਾਲੇ ਆਬਜੈਕਟਿਵ ਟਾਈਪ ਪ੍ਰਸ਼ਨ | | | | 3 ਅੰਕਾਂ ਵਾਲੇ ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ | 4 ਅੰਕਾਂ ਵਾਲੇ ਛੋਟੇ ਉੱਤਰਾਂ ਵਾਲੇ ਪ੍ਰਸ਼ਨ | ਕੁੱਲ |
|---|---|---|---|---|---|---|---|---|
| | | ਬਹੁ-ਭਾਂਤੀ ਉੱਤਰਾਂ ਵਾਲੇ ਪ੍ਰਸ਼ਨ | ਖ਼ਾਲੀ ਥਾਵਾਂ ਭਰੋ ਵਾਲੇ ਪ੍ਰਸ਼ਨ | ਸਹੀ ਜਾਂ ਗ਼ਲਤ ਕਥਨਾਂ ਵਾਲੇ ਪ੍ਰਸ਼ਨ | ਸਹੀ ਮਿਲਾਨ ਕਰੋ ਵਾਲੇ ਪ੍ਰਸ਼ਨ | | | |
| ੳ | 1, 2, 3, 4, 5 | 2 | 2 | 2 | 1 | 2 | 1 | 24 ਅੰਕ |
| ਅ | 6, 7, 8, 9, 10, 11 | 2 | 2 | 2 | 2 | 2 | 1 | 26 ਅੰਕ |
| ਕੁੱਲ ਪ੍ਰਸ਼ਨ | | 4 | 4 | 4 | 3 | 4 | 2 | 21 ਪ੍ਰਸ਼ਨ |
| ਕੁੱਲ ਅੰਕ | | 8 | 8 | 8 | 6 | 12 | 8 | 50 ਅੰਕ |

**ਪ੍ਰਸ਼ਨ ਪੱਤਰ ਨੂੰ ਛੇ ਭਾਗਾਂ ਵਿੱਚ ਵੰਡਿਆ ਗਿਆ ਹੈ :**

**ਭਾਗ ਨੰ. I** ਪ੍ਰਸ਼ਨ ਨੰ. 1 ਤੋਂ 4 ਤੱਕ **ਦੋ-ਦੋ ਅੰਕਾਂ** ਵਾਲੇ ਹੋਣਗੇ । ਇਹ ਪ੍ਰਸ਼ਨ **ਬਹੁ-ਭਾਂਤੀ ਉੱਤਰਾਂ ਵਾਲੇ** ਹੋਣਗੇ । ਇਹ ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ ।

**ਭਾਗ ਨੰ. II** ਪ੍ਰਸ਼ਨ ਨੰ. 5 ਤੋਂ 8 ਤੱਕ **ਦੋ-ਦੋ ਅੰਕਾਂ** ਵਾਲੇ ਹੋਣਗੇ । ਇਹ ਪ੍ਰਸ਼ਨਾਂ ਦੇ ਸਾਹਮਣੇ **ਬਰੈਕਟ ਵਿੱਚ ਦਿੱਤੇ ਗਏ ਸ਼ਬਦਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਂ ਭਰਨੀ ਹੋਵੇਗੀ** । ਇਹ ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ ।

**ਭਾਗ ਨੰ. III** ਪ੍ਰਸ਼ਨ ਨੰ. 9 ਤੋਂ 12 ਤੱਕ **ਦੋ-ਦੋ ਅੰਕਾਂ** ਵਾਲੇ ਹੋਣਗੇ । ਇਹ ਪ੍ਰਸ਼ਨਾਂ ਦੇ ਵਿੱਚੋਂ **ਸਹੀ ਜਾਂ ਗਲਤ ਕਥਨ ਚੁਣਨਾ** ਹੋਵੇਗਾ । ਇਹ ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ ।

**ਭਾਗ ਨੰ. IV** ਪ੍ਰਸ਼ਨ ਨੰ. 13 ਤੋਂ 15 ਤੱਕ **ਦੋ-ਦੋ ਅੰਕਾਂ** ਵਾਲੇ ਹੋਣਗੇ । ਇਹ ਪ੍ਰਸ਼ਨਾਂ ਦਾ **ਸਹੀ ਮਿਲਾਨ ਕਰਨਾ** ਹੋਵੇਗਾ । ਇਹ ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ ।

**ਭਾਗ ਨੰ. V** ਪ੍ਰਸ਼ਨ ਨੰ. 16 ਤੋਂ 19 ਤੱਕ **ਤਿੰਨ-ਤਿੰਨ ਅੰਕਾਂ** ਵਾਲੇ ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ ਹੋਣਗੇ । ਹਰੇਕ ਪ੍ਰਸ਼ਨ ਦਾ ਉੱਤਰ ਲਗਭਗ **ਇੱਕ-ਦੋ ਵਾਕਾਂ** ਦਾ ਹੋਵੇਗਾ । ਇਨ੍ਹਾਂ **ਸਾਰੇ ਪ੍ਰਸ਼ਨਾਂ ਵਿੱਚ 100% ਅੰਦਰੂਨੀ ਛੋਟ** ਹੋਵੇਗੀ । ਅੰਦਰੂਨੀ ਛੋਟ ਵਾਲਾ ਪ੍ਰਸ਼ਨ ਉਸੇ ਸੈਕਸ਼ਨ ਵਿੱਚੋਂ ਹੋਵੇਗਾ ।

**ਭਾਗ ਨੰ. VI** ਪ੍ਰਸ਼ਨ ਨੰ. 20 ਅਤੇ 21 ਤੱਕ **ਚਾਰ-ਚਾਰ ਅੰਕਾਂ** ਵਾਲੇ ਛੋਟੇ ਉੱਤਰਾਂ ਵਾਲੇ ਪ੍ਰਸ਼ਨ ਹੋਣਗੇ । ਹਰੇਕ ਪ੍ਰਸ਼ਨ ਦਾ ਉੱਤਰ ਲਗਭਗ **ਤਿੰਨ-ਚਾਰ ਵਾਕਾਂ** ਦਾ ਹੋਵੇਗਾ । ਇਨ੍ਹਾਂ **ਸਾਰੇ ਪ੍ਰਸ਼ਨਾਂ ਵਿੱਚ 100% ਅੰਦਰੂਨੀ ਛੋਟ** ਹੋਵੇਗੀ । ਅੰਦਰੂਨੀ ਛੋਟ ਵਾਲਾ ਪ੍ਰਸ਼ਨ ਉਸੇ ਸੈਕਸ਼ਨ ਵਿੱਚੋਂ ਹੋਵੇਗਾ ।

# ਪ੍ਰਸ਼ਨ ਬੈਂਕ

| ਪਾਠ ਨੰਬਰ | 2-2 ਅੰਕਾਂ ਵਾਲੇ ਆਬਜੈਕਟਿਵ ਟਾਈਪ ਪ੍ਰਸ਼ਨ | | | | 3 ਅੰਕਾਂ ਵਾਲੇ ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ | 4 ਅੰਕਾਂ ਵਾਲੇ ਛੋਟੇ ਉੱਤਰਾਂ ਵਾਲੇ ਪ੍ਰਸ਼ਨ | ਕੁੱਲ |
|---|---|---|---|---|---|---|---|
| | ਬਹੁ-ਭਾਂਤੀ ਉੱਤਰਾਂ ਵਾਲੇ ਪ੍ਰਸ਼ਨ | ਖ਼ਾਲੀ ਥਾਵਾਂ ਭਰੋ ਵਾਲੇ ਪ੍ਰਸ਼ਨ | ਸਹੀ ਜਾਂ ਗ਼ਲਤ ਕਥਨਾਂ ਵਾਲੇ ਪ੍ਰਸ਼ਨ | ਸਹੀ ਮਿਲਾਨ ਕਰੋ ਵਾਲੇ ਪ੍ਰਸ਼ਨ | | | |
| 1 | 10 | 10 | 10 | 5 | 10 | 5 | 50 |
| 2 | 10 | 10 | 10 | 5 | 10 | 5 | 50 |
| 3 | 10 | 10 | 10 | 5 | 10 | 5 | 50 |
| 4 | 10 | 10 | 10 | 5 | 10 | 5 | 50 |
| 5 | 10 | 10 | 10 | 5 | 10 | 5 | 50 |
| 6 | 10 | 10 | 10 | 5 | 10 | 5 | 50 |
| 7 | 10 | 10 | 10 | 5 | 10 | 5 | 50 |
| 8 | 10 | 10 | 10 | 5 | 10 | 5 | 50 |
| 9 | 10 | 10 | 10 | 5 | 10 | 5 | 50 |
| 10 | 10 | 10 | 10 | 5 | 10 | 5 | 50 |
| 11 | 10 | 10 | 10 | 5 | 10 | 5 | 50 |
| ਕੁੱਲ ਪ੍ਰਸ਼ਨ | 110 | 110 | 110 | 55 | 110 | 55 | 550 |
| ਕੁੱਲ ਅੰਕ | 8 | 8 | 8 | 6 | 12 | 8 | 50 |

# ਪਾਠ - 1
# ਖੇਤੀਬਾੜੀ ਸਹਿਯੋਗੀ ਸੰਸਥਾਵਾਂ

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

1. ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੀ ਸਥਾਪਨਾ ਕਦੋਂ ਕੀਤੀ ਗਈ ਸੀ ?
   (ੳ) 1962 (ਅ) 1952
   (ੲ) 1947 (ਸ) 2005
2. ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਦੀ ਸਥਾਪਨਾ ਕਦੋਂ ਕੀਤੀ ਗਈ ਸੀ ?
   (ੳ) 1962 (ਅ) 1952
   (ੲ) 1947 (ਸ) 2005
3. ਪੰਜਾਬ ਡੇਅਰੀ ਵਿਕਾਸ ਨਿਗਮ ਦੀ ਵੈੱਬਸਾਈਟ ਦਾ ਨਾਂ ਕੀ ਹੈ ?
   (ੳ) www.pddb.in (ਅ) www.gadvasu.in
   (ੲ) www.pau.edu (ਸ) www.plrs.org.in
4. ਪੰਜਾਬ ਖਾਦੀ ਅਤੇ ਗ੍ਰਾਮ ਉਦਯੋਗ ਬੋਰਡ ਦੀ ਸਥਾਪਨਾ ਕਦੋਂ ਕੀਤੀ ਗਈ ਸੀ ?
   (ੳ) 1988 (ਅ) 1958
   (ੲ) 2008 (ਸ) 1908
5. ਖਾਦਾਂ ਦੇ ਖੇਤਰ ਵਿੱਚ ਵਿਸ਼ਵ ਦਾ ਸਭ ਵੱਡਾ ਸਹਿਕਾਰੀ ਅਦਾਰਾ ਕਿਹੜਾ ਹੈ ?
   (ੳ) ਇਫਕੋ (IFFCO) (ਅ) ਕ੍ਰਿਭਕੋ (KRIBHCO)
   (ੲ) ਨੈਸ਼ਨਲ ਫਰਟੀਲਾਈਜ਼ਰ ਲਿਮਟਿਡ (NFL) (ਸ) ਮਾਰਕਫੈੱਡ (MARKFED)
6. ਭਾਰਤੀ ਖੇਤੀ ਖੋਜ ਸੰਸਥਾ (ICAR) ਦਾ ਮੁੱਖ ਦਫ਼ਤਰ ਕਿੱਥੇ ਸਥਿਤ ਹੈ ?
   (ੳ) ਚੰਡੀਗੜ੍ਹ (ਅ) ਦਿੱਲੀ
   (ੲ) ਜੈਪੁਰ (ਸ) ਲੁਧਿਆਣਾ
7. ਪੰਜਾਬ ਵਿੱਚ ਕਿਸਾਨਾਂ ਨੂੰ ਬੀਜ ਉਤਪਾਦਨ ਵਿੱਚ ਭਾਗੀਦਾਰ ਬਣਾਉਣ ਵਾਲੇ ਨਿਗਮ ਦਾ ਨਾਂ ਕੀ ਹੈ ?
   (ੳ) ਪੰਜਾਬ ਰਾਜ ਬੀਜ ਨਿਗਮ ਲਿਮਟਿਡ (PUNSEED) (ਅ) ਭਾਰਤੀ ਖੇਤੀ ਖੋਜ ਸੰਸਥਾ (ICAR)
   (ੲ) ਭਾਰਤੀ ਖ਼ੁਰਾਕ ਨਿਗਮ (FCI) (ਸ) ਵਿਸ਼ਵ ਵਪਾਰ ਸੰਸਥਾ (WTO)
8. ਕੌਮੀ ਬਾਗ਼ਬਾਨੀ ਮਿਸ਼ਨ (NHM) ਦੀਆਂ ਸਕੀਮਾਂ ਕਿਹੜੇ ਅਦਾਰੇ ਵੱਲੋਂ ਲਾਗੂ ਕੀਤੀਆਂ ਜਾਂਦੀਆਂ ਹਨ ?
   (ੳ) ਬਾਗ਼ਬਾਨੀ ਵਿਭਾਗ (ਅ) ਪਸ਼ੂ ਪਾਲਣ ਵਿਭਾਗ
   (ੲ) ਮੱਛੀ ਪਾਲਣ ਵਿਭਾਗ (ਸ) ਭੂਮੀ ਅਤੇ ਪਾਣੀ ਸੰਭਾਲ ਵਿਭਾਗ
9. ਪੰਜਾਬ ਰਾਜ ਕਿਸਾਨ ਕਮਿਸ਼ਨ ਦੇ ਪਹਿਲੇ ਚੇਅਰਮੈਨ ਦਾ ਨਾਂ ਕੀ ਹੈ ?
   (ੳ) ਡਾ. ਖੇਮ ਸਿੰਘ ਗਿੱਲ (ਅ) ਡਾ. ਜੀ. ਐੱਸ. ਕਾਲਕਟ
   (ੲ) ਡਾ. ਪ੍ਰੇਮ ਨਾਥ ਥਾਪਰ (ਸ) ਡਾ. ਗੁਰਦੇਵ ਸਿੰਘ ਖੁਸ਼
10. ਪੰਜਾਬ ਵਿੱਚ ਭਾਰਤੀ ਖ਼ੁਰਾਕ ਨਿਗਮ ਦੀ ਤਰਫੋਂ ਕਿਸਾਨਾਂ ਤੋਂ ਕਣਕ-ਝੋਨੇ ਦੀ ਖ਼ਰੀਦ ਦਾ ਕੰਮ ਕਿਹੜੀ ਸੰਸਥਾ ਕਰਦੀ ਹੈ ?
   (ੳ) ਪੰਜਾਬ ਖਾਦੀ ਅਤੇ ਗ੍ਰਾਮ ਉਦਯੋਗ ਬੋਰਡ (ਅ) ਪੰਜਾਬ ਰਾਜ ਬੀਜ ਨਿਗਮ ਲਿਮਟਿਡ
   (ੲ) ਪੰਜਾਬ ਐਗਰੋ ਫੂਡਗਰੇਨ ਕਾਰਪੋਰੇਸ਼ਨ (ਸ) ਫੂਡ ਐਂਡ ਐਗਰੀਕਲਚਰ ਆਰਗੇਨਾਈਜੇਸ਼ਨ

**ਉੱਤਰ :** 1. (ੳ) 2. (ਸ) 3. (ੳ) 4. (ਅ) 5. (ੳ)
6. (ਅ) 7. (ੳ) 8. (ੳ) 9. (ਅ) 10. (ੲ)

**ਹੇਠ ਲਿਖੀਆਂ ਖ਼ਾਲੀ ਥਾਵਾਂ ਵਿੱਚ ਬਰੈਕਟ ਵਿੱਚੋਂ ਸਹੀ ਸ਼ਬਦ ਚੁਣ ਕੇ ਭਰੋ :**

1. ਪੰਜਾਬ ਖੇਤੀਬਾੜੀ ਯੂਨੀਵਰਸਿਟੀ ............ ਵਿਖੇ ਸਥਿਤ ਹੈ । (ਲੁਧਿਆਣਾ / ਚੰਡੀਗੜ੍ਹ)
2. ਦੁੱਧ ਚੋਣ ਵਾਲੀ ਮਸ਼ੀਨ ਦੀ ਖਰੀਦ ਤੇ ............. ਸਬਸਿਡੀ ਦਿੱਤੀ ਜਾਂਦੀ ਹੈ । (50% / 25%)
3. .................. ਵੱਲੋਂ ਪਿੰਡਾਂ ਵਿੱਚੋਂ ਦੁੱਧ ਦੀ ਖ਼ਰੀਦ ਕੀਤੀ ਜਾਂਦੀ ਹੈ । (ਹਾਊਸਫੈੱਡ / ਮਿਲਕਫੈੱਡ)
4. ਖੇਤੀਬਾੜੀ ਵਿਭਾਗ ਦੀ ........ ਪ੍ਰਯੋਗਸ਼ਾਲਾ ਖਾਣ ਵਾਲੇ ਪਦਾਰਥਾਂ ਦੇ ਮਿਆਰ ਦੀ ਪਰਖ ਕਰਦੀ ਹੈ । (ਐਗਮਾਰਕ / ਕੀਟਨਾਸ਼ਕ)
5. ਮੱਛੀ ਪਾਲਣ ਵਿਭਾਗ ਹਰ ਮਹੀਨੇ ......... ਦਿਨਾਂ ਦੀ ਮੁਫ਼ਤ ਮੱਛੀ ਪਾਲਣ ਟ੍ਰੇਨਿੰਗ ਦਿੰਦਾ ਹੈ । (ਸੱਠ / ਪੰਜ)
6. ਸਹਿਕਾਰਤਾ ਵਿਭਾਗ, ਪੰਜਾਬ ਦੀ ਸਥਾਪਨਾ ਸੰਨ .................. ਵਿੱਚ ਹੋਈ ਸੀ । (2004 / 1904)
7. ਹਰਿਆਣਾ ਖੇਤੀਬਾੜੀ ਯੂਨੀਵਰਸਿਟੀ ................... ਵਿਖੇ ਸਥਿਤ ਹੈ । (ਲੁਧਿਆਣਾ / ਹਿਸਾਰ)
8. ਵਿਸ਼ਵ ਵਪਾਰ ਸੰਸਥਾ (WTO) ਦੇ ਮੈਂਬਰ ਦੇਸ਼ਾਂ ਦੀ ਗਿਣਤੀ .................... ਹੈ । (64 / 164)
9. ਫੂਡ ਐਂਡ ਐਗਰੀਕਲਚਰਲ ਆਰਗੇਨਾਈਜੇਸ਼ਨ (FAO) ਵਿਸ਼ਵ ਵਿੱਚੋਂ .................... ਦੂਰ ਕਰਨ ਲਈ ਬਣਾਈ ਗਈ ਸੰਸਥਾ ਹੈ । (ਭੁੱਖ ਮਰੀ / ਪੋਲੀਓ)
10. ਨੈਸ਼ਨਲ ਬੈਂਕ ਆਫ ਐਗਰੀਕਲਚਰਲ ਐਂਡ ਰੂਰਲ ਡਿਵੈਲਪਮੈਂਟ ਦਾ ਮੁੱਖ ਦਫ਼ਤਰ ........... ਵਿੱਚ ਹੈ । (ਦਿੱਲੀ / ਮੁੰਬਈ)

**ਉੱਤਰ :** 1. ਲੁਧਿਆਣਾ 2. 50% 3. ਮਿਲਕਫੈੱਡ 4. ਐਗਮਾਰਕ 5. ਪੰਜ
6. 1904 7. ਹਿਸਾਰ 8. 164 9. ਭੁੱਖ ਮਰੀ 10. ਮੁੰਬਈ

ਭੁਪਿੰਦਰ

**ਹੇਠ ਲਿਖੇ ਕਥਨਾਂ ਵਿੱਚੋਂ ਸਹੀ / ਗਲਤ ਚੁਣੋ :**

1. ਸਾਲ 1995 ਵਿੱਚ ਭਾਰਤੀ ਖੇਤੀ ਖੋਜ ਪ੍ਰੀਸ਼ਦ ਵੱਲੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੂੰ ਦੇਸ਼ ਦੀ ਸਰਵੋਤਮ ਖੇਤੀਬਾੜੀ ਯੂਨੀਵਰਸਿਟੀ ਹੋਣ ਦਾ ਖਿਤਾਬ ਦਿੱਤਾ ਗਿਆ ਸੀ ।
2. ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਦੇ ਹਸਪਤਾਲ ਵਿੱਚ 24 ਘੰਟੇ ਪਸ਼ੂਆਂ ਦਾ ਇਲਾਜ਼ ਕੀਤਾ ਜਾਂਦਾ ਹੈ।
3. ਬਾਗ਼ਬਾਨੀ ਵਿਭਾਗ ਫ਼ਲਾਂ, ਸਬਜ਼ੀਆਂ, ਫੁੱਲਾਂ ਅਤੇ ਖੁੰਬਾਂ ਆਦਿ ਦੀ ਖੇਤੀ ਸਬੰਧੀ ਜਾਣਕਾਰੀ ਦਿੰਦਾ ਹੈ ।
4. ਪੰਜਾਬ ਵਿੱਚ ਕੌਮੀ ਬਾਗ਼ਬਾਨੀ ਮਿਸ਼ਨ 1979-80 ਤੋਂ ਚਲਾਇਆ ਜਾ ਰਿਹਾ ਹੈ ।
5. ਡੇਅਰੀ ਵਿਕਾਸ ਵਿਭਾਗ ਵੱਲੋਂ ਪੰਜਾਬ ਵਿੱਚ ਅੱਠ ਡੇਅਰੀ ਸਿਖਲਾਈ ਅਤੇ ਵਿਸਤਾਰ ਕੇਂਦਰ ਚਲਾਏ ਜਾ ਰਹੇ ਹਨ ।
6. ਮੱਛੀ ਪਾਲਣ ਵਿਭਾਗ ਵੱਲੋਂ ਮੱਛੀ ਪਾਲਕਾਂ ਨੂੰ ਕਰਜ਼ਾ, ਸਬਸਿਡੀ ਅਤੇ ਪਸਾਰ ਸੇਵਾਵਾਂ ਨਹੀਂ ਦਿੱਤੀਆਂ ਜਾਂਦੀਆਂ ਹਨ ।
7. ਸਹਿਕਾਰਤਾ ਵਿਭਾਗ ਵੱਲੋਂ ਭਾਈ ਘਨੱਈਆ ਸਿਹਤ ਸਕੀਮ ਤਹਿਤ ਪੇਂਡੂ ਖੇਤਰ ਦੀਆਂ ਔਰਤਾਂ ਨੂੰ ਸਵੈ-ਰੁਜ਼ਗਾਰ ਦਿੱਤਾ ਜਾਂਦਾ ਹੈ ।
8. ਸ੍ਰੀ ਅਜੈ ਵੀਰ ਜਾਖੜ ਪੰਜਾਬ ਰਾਜ ਕਿਸਾਨ ਕਮਿਸ਼ਨ ਦੇ ਪਹਿਲੇ ਚੇਅਰਮੈਨ ਹਨ ।
9. ਭਾਰਤੀ ਖ਼ੁਰਾਕ ਨਿਗਮ ਰਾਹੀਂ ਖ਼ਰੀਦਿਆ ਗਿਆ ਅਨਾਜ ਸਾਰੇ ਦੇਸ਼ ਵਿੱਚ ਪਬਲਿਕ ਵੰਡ ਪ੍ਰਣਾਲੀ ਰਾਹੀਂ ਵੰਡਿਆ ਜਾਂਦਾ ਹੈ ।
10. ਕਰਿਭਕੋ (KRIBHCO) ਅਦਾਰਾ ਮੁੱਖ ਤੌਰ ਤੇ ਸਿੰਗਲ ਸੁਪਰ ਫਾਸਫੇਟ ਖਾਦ ਦੀ ਪੈਦਾਵਾਰ ਕਰਦਾ ਹੈ ।

**ਉੱਤਰ** : 1. ਸਹੀ 2. ਸਹੀ 3. ਸਹੀ 4. ਗਲਤ 5. ਸਹੀ
6. ਸਹੀ 7. ਗਲਤ 8. ਗਲਤ 9. ਸਹੀ 10. ਗਲਤ

**ਸਹੀ ਮਿਲਾਨ ਕਰੋ :**

| **ੳ** | **ਅ** |
|---|---|
| 1. ਪਸ਼ੂ ਪਾਲਣ ਵਿਭਾਗ ਅਧੀਨ ਪਸ਼ੂਆਂ ਦਾ ਇਲਾਜ਼ ਕਰਨਾ | (i) ਮਿਲਕਫੈਂਡ |
| 2. ਸ਼ਹਿਦ, ਹਲਦੀ, ਮਿਰਚਾਂ ਆਦਿ ਦੇ ਮਿਆਰ ਦੀ ਪਰਖ | (ii) ਭਾਰਤੀ ਖੇਤੀ ਖੋਜ ਪ੍ਰੀਸ਼ਦ (ICAR) |
| 3. ਭਾਰਤ ਦੀ ਸਰਵੋਤਮ ਖੇਤੀ ਸੰਸਥਾ | (iii) ਐਗਮਾਰਕ ਪ੍ਰਯੋਗਸ਼ਾਲਾ |
| 4. ਕੌਮੀ ਬੀਜ ਨਿਗਮ | (iv) ਵੈਟਨਰੀ ਅਫ਼ਸਰ |
| 5. ਦੁੱਧ ਦੀ ਖ਼ਰੀਦ ਕਰਨ ਵਾਲੀ ਸੰਸਥਾ | (v) ਪ੍ਰਮਾਣਿਤ ਬੀਜਾਂ ਦੀ ਪੈਦਾਵਾਰ ਕਰਨਾ |

**ਉੱਤਰ** : 1. (iv) 2. (iii) 3. (ii) 4. (v) 5. (i)

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਇੱਕ-ਦੋ ਵਾਕਾਂ ਵਿੱਚ ਦਿਓ :**

1. **ਐਗਰੀਕਲਚਰ ਟੈਕਨੋਲੋਜੀ ਮੈਨੇਜਮੈਂਟ ਏਜੰਸੀ (ATMA) ਦਾ ਗਠਨ ਕਿਉਂ ਕੀਤਾ ਗਿਆ ਹੈ ?**
- ਹਰ ਜ਼ਿਲ੍ਹੇ ਵਿੱਚ ਖੇਤੀ ਅਤੇ ਖੇਤੀ ਨਾਲ ਸਬੰਧਤ ਵੱਖ-ਵੱਖ ਵਿਭਾਗਾਂ ਦੀਆਂ ਖੇਤੀ ਵਿਕਾਸ ਅਤੇ ਪਸਾਰ ਨਾਲ ਸਬੰਧਤ ਗਤੀਵਿਧੀਆਂ ਦੇ ਤਾਲਮੇਲ ਲਈ ਖੇਤੀਬਾੜੀ ਵਿਭਾਗ ਦੇ ਅਧੀਨ ਐਗਰੀਕਲਚਰ ਟੈਕਨੋਲੋਜੀ ਮੈਨੇਜਮੈਂਟ ਏਜੰਸੀ (ATMA) ਦਾ ਗਠਨ ਕੀਤਾ ਗਿਆ ਹੈ ।

2. **ਪੰਜਾਬ ਖੇਤੀਬਾੜੀ ਯੂਨੀਵਰਸਿਟੀ ਕਿਹੜੇ-ਕਿਹੜੇ ਤਿੰਨ ਮੁੱਖ ਕੰਮ ਕਰਦੀ ਹੈ ?**
- ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਖੇਤੀਬਾੜੀ ਅਤੇ ਖੇਤੀਬਾੜੀ ਨਾਲ ਸਬੰਧਤ ਵਿਸ਼ਿਆਂ ਤੇ ਖੋਜ, ਪੜ੍ਹਾਈ ਅਤੇ ਪਸਾਰ ਦਾ ਕੰਮ ਕਰਦੀ ਹੈ ।

3. **ਮਾਰਕਫੈੱਡ ਵੱਲੋਂ ਕਿਸਾਨਾਂ ਨੂੰ ਕੀ-ਕੀ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ ?**
- ਮਾਰਕਫੈਡ ਦੁਆਰਾ ਪੰਜਾਬ ਦੇ ਕਿਸਾਨਾਂ ਨੂੰ ਸਸਤੀਆਂ ਦਰਾਂ ਤੇ ਖੇਤੀਬਾੜੀ ਬੀਜ, ਖਾਦ, ਕੀੜੇਮਾਰ ਦਵਾਈਆਂ ਆਦਿ ਮੁਹੱਈਆ ਕੀਤੀਆਂ ਜਾਂਦੀਆਂ ਹਨ ਅਤੇ ਖੇਤੀਬਾੜੀ ਉਪਜ ਦੇ ਮੰਡੀਕਰਨ ਅਤੇ ਪ੍ਰੋਸੈਸਿੰਗ ਦਾ ਕੰਮ ਕੀਤਾ ਜਾਂਦਾ ਹੈ ।

4. **ਮਿਲਕਫੈੱਡ ਵੱਲੋਂ ਕੀ-ਕੀ ਕੰਮ ਕੀਤੇ ਜਾਂਦੇ ਹਨ ?**
- ਮਿਲਕਫੈਡ ਦੁਆਰਾ ਪਿੰਡਾਂ ਵਿੱਚੋਂ ਦੁੱਧ ਦੀ ਖ਼ਰੀਦ, ਪ੍ਰੋਸੈਸਿੰਗ ਅਤੇ ਸ਼ਹਿਰਾਂ ਵਿੱਚ ਇਸ ਦੇ ਮੰਡੀਕਰਨ ਦਾ ਪ੍ਰਬੰਧ ਕੀਤਾ ਜਾਂਦਾ ਹੈ ।

5. **ਪੰਜਾਬ ਰਾਜ ਬੀਜ ਨਿਗਮ ਲਿਮਟਿਡ (PUNSEED) ਕਿਸਾਨਾਂ ਦੀ ਸੇਵਾ ਕਿਸ ਤਰ੍ਹਾਂ ਕਰ ਰਿਹਾ ਹੈ ?**
- ਪਨਸੀਡ ਵੱਲੋਂ ਵੱਡੀ ਮਾਤਰਾ ਵਿੱਚ ਪ੍ਰਮਾਣਿਤ ਬੀਜ ਪੈਦਾ ਕੀਤੇ ਜਾਂਦੇ ਹਨ । ਇਹ ਕਿਸਾਨਾਂ ਤੋਂ ਬੀਜ ਉਤਪਾਦਨ ਕਰਵਾ ਕੇ ਬੀਜ ਵਪਾਰ ਦਾ ਕਾਰੋਬਾਰ ਕਰਦਾ ਹੈ ।

6. **ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਿਡ ਵੱਲੋਂ ਕਿਹੜੀਆਂ-ਕਿਹੜੀਆਂ ਵਸਤੂਆਂ ਦਾ ਨਿਰਯਾਤ ਕੀਤਾ ਜਾਂਦਾ ਹੈ ?**
- ਇਹ ਮੁੱਖ ਤੌਰ ਤੇ ਤਾਜ਼ਾ ਅਤੇ ਪ੍ਰੋਸੈਸਿਡ ਫ਼ਲ, ਸਬਜ਼ੀਆਂ ਅਤੇ ਫ਼ੁੱਲਾਂ ਦਾ ਨਿਰਯਾਤ ਕਰਦੀ ਹੈ । ਇਹ ਖੇਤੀ ਜਿਨਸਾਂ ਦੇ ਨਿਰਯਾਤ ਲਈ ਢਾਂਚਾ ਬਣਾਉਣ ਵਿੱਚ ਭੂਮਿਕਾ ਨਿਭਾਉਂਦੀ ਹੈ ।

7. **ਖਾਦਾਂ ਦੀ ਪੈਦਾਵਾਰ ਅਤੇ ਮੰਡੀਕਰਣ ਕਰਨ ਵਾਲੇ ਤਿੰਨ ਪ੍ਰਮੁੱਖ ਅਦਾਰਿਆਂ ਦੇ ਨਾਂ ਲਿਖੋ ।**
- ਇੰਡੀਅਨ ਫਾਰਮਰਜ਼ ਫਰਟੀਲਾਈਜ਼ਰ ਕੁਆਪਰੇਟਿਵ ਲਿਮਟਿਡ (IFFCO), ਕਰਿਸ਼ਕ ਭਾਰਤੀ ਕੁਆਪਰਟਿਵ ਲਿਮਟਿਡ (KRIBHCO), ਨੈਸ਼ਨਲ ਫਰਟੀਲਾਈਜ਼ਰ ਲਿਮਟਿਡ (NFL)

8. **ਭਾਰਤੀ ਖੇਤੀ ਖੋਜ ਸੰਸਥਾ (ICAR) ਦਾ ਮੁੱਖ ਮੰਤਵ ਕੀ ਹੈ ?**
- ICAR ਦਾ ਮੁੱਖ ਮੰਤਵ ਭਾਰਤ ਵਿੱਚ ਖੇਤੀ, ਬਾਗ਼ਬਾਨੀ, ਵਣ-ਖੇਤੀ, ਪਸ਼ੂ ਪਾਲਣ, ਮੱਛੀ ਪਾਲਣ, ਗ੍ਰਹਿ ਵਿਗਿਆਨ ਅਤੇ ਖੇਤੀ ਨਾਲ ਹੋਰ ਸਬੰਧਤ ਵਿਗਿਆਨਾਂ ਦੀ ਖੋਜ, ਸਿੱਖਿਆ ਅਤੇ ਉਨ੍ਹਾਂ ਦੇ ਖੇਤੀ ਵਿੱਚ ਪਸਾਰੇ ਦੀ ਯੋਜਨਾਬੰਦੀ ਕਰਕੇ ਉਹਨਾਂ ਨੂੰ ਪ੍ਰਫੁੱਲਤ ਕਰਨ ਵਿੱਚ ਮੱਦਦ ਕਰਨਾ ਹੈ ।

9. **ਫੂਡ ਅਤੇ ਐਗਰੀਕਲਚਰ ਆਰਗੇਨਾਈਜੇਸ਼ਨ (FAO) ਨੂੰ ਬਣਾਉਣ ਦਾ ਮੁੱਖ ਮਨੋਰਥ ਕੀ ਹੈ ?**

ਭੁਪਿੰਦਰ

– ਇਹ ਸੰਸਥਾ ਸੰਯੁਕਤ ਰਾਸ਼ਟਰ ਸੰਘ ਵੱਲੋਂ ਵਿਸ਼ਵ ਵਿੱਚੋਂ ਭੁੱਖਮਰੀ ਨੂੰ ਦੂਰ ਕਰਨ ਲਈ ਬਣਾਈ ਗਈ ਹੈ । ਸੰਸਾਰ ਦੇ ਹਰ ਆਦਮੀ ਲਈ ਅੰਨ ਸੁਰੱਖਿਆ ਨੂੰ ਯਕੀਨੀ ਬਣਾਉਣਾ ਇਸ ਦਾ ਮੁੱਖ ਮਨੋਰਥ ਹੈ ।

10. **ਖੇਤੀ ਨਾਲ ਸਬੰਧਤ ਦੋ ਅੰਤਰ-ਰਾਸ਼ਟਰੀ ਸੰਸਥਾਵਾਂ ਦੇ ਨਾਂ ਲਿਖੋ ।**

– ਵਿਸ਼ਵ ਵਪਾਰ ਸੰਸਥਾ (WTO), ਫੂਡ ਅਤੇ ਐਗਰੀਕਲਚਰ ਆਰਗੇਨਾਈਜੇਸ਼ਨ (FAO)

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਤਿੰਨ-ਚਾਰ ਵਾਕਾਂ ਵਿੱਚ ਦਿਓ :**

1. **ਬਾਗ਼ਬਾਨੀ ਵਿਭਾਗ ਵੱਲੋਂ ਕੀਤੇ ਜਾਣ ਵਾਲੇ ਕੋਈ ਚਾਰ ਕੰਮ ਲਿਖੋ ।**

– (i) ਬਾਗ਼ਬਾਨੀ ਫ਼ਸਲਾਂ ਹੇਠ ਰਕਬਾ ਵਧਾਉਣਾ ।
(ii) ਬਾਗ਼ਬਾਨੀ ਫ਼ਸਲਾਂ ਸਬੰਧੀ ਤਕਨੀਕੀ ਗਿਆਨ ਕਿਸਾਨਾਂ ਤੱਕ ਪਹੁੰਚਾਉਣਾ ।
(iii) ਵਧੀਆ ਮਿਆਰ ਦੇ ਸਬਜ਼ੀਆਂ, ਫੁੱਲਾਂ ਦੇ ਬੀਜ ਅਤੇ ਪਨੀਰੀ ਆਦਿ ਮੁਹੱਈਆ ਕਰਵਾਉਣਾ ।
(iv) ਸਬਜ਼ੀਆਂ ਦੇ ਪ੍ਰਦਰਸ਼ਨੀ ਪਲਾਟਾਂ ਲਈ ਵਿੱਤੀ ਸਹਾਇਤਾ ਦੇਣਾ ।
(v) ਫ਼ਲਾਂ ਅਤੇ ਸਬਜ਼ੀਆਂ ਦੀ ਤੁੜਾਈ ਉਪਰੰਤ ਉਨ੍ਹਾਂ ਦੇ ਸਹੀ ਪ੍ਰਬੰਧ ਅਤੇ ਮੰਡੀਕਰਨ ਲਈ ਸਹੂਲਤਾਂ ਪ੍ਰਦਾਨ ਕਰਨਾ ।
(vi) ਕੌਮੀ ਬਾਗ਼ਬਾਨੀ ਮਿਸ਼ਨ (NHM) ਦੀਆਂ ਸਕੀਮਾਂ ਲਾਗੂ ਕਰਨਾ ।
(vii) ਖੁੰਬਾਂ ਉਗਾਉਣ ਅਤੇ ਸ਼ਹਿਦ ਦੀਆਂ ਮੱਖੀਆਂ ਪਾਲਣ ਸਬੰਧੀ ਜਾਣਕਾਰੀ ਦੇਣਾ ।

2. **ਪਸ਼ੂ ਪਾਲਣ ਵਿਭਾਗ ਵੱਲੋਂ ਕੀਤੇ ਜਾਣ ਵਾਲੇ ਕੋਈ ਚਾਰ ਕੰਮ ਲਿਖੋ ।**

– (i) ਪਸ਼ੂਆਂ ਨੂੰ ਸਮੇਂ-ਸਮੇਂ ਤੇ ਟੀਕਾਕਰਨ ਅਤੇ ਮਲੱਪ ਰਹਿਤ ਕਰਨ ਦੀਆਂ ਮੁਹਿੰਮਾਂ ਚਲਾ ਕੇ ਸਿਹਤ ਸੁਰੱਖਿਆ ਪ੍ਰਦਾਨ ਕਰਨਾ ।
(ii) ਪਸ਼ੂਆਂ ਦੀ ਪੈਦਾਵਾਰ ਸਮਰੱਥਾ ਨੂੰ ਵਧਾਉਣ ਅਤੇ ਨਸਲ ਸੁਧਾਰ ਦਾ ਕੰਮ ਕਰਨਾ ।
(iii) ਪਸ਼ੂਆਂ ਦੇ ਪ੍ਰਬੰਧ ਅਤੇ ਖ਼ੁਰਾਕ ਨੂੰ ਸੁਧਾਰਨਾ ।
(iv) ਪਸਾਰ ਸੇਵਾਵਾਂ ਪ੍ਰਦਾਨ ਕਰਨਾ ।
(v) ਕਿਸਾਨਾਂ ਨੂੰ ਹਰੇ ਚਾਰੇ ਦਾ ਮਿਆਰੀ ਬੀਜ ਸਸਤੀਆਂ ਦਰਾਂ ਤੇ ਉਪਲਬਧ ਕਰਵਾਉਣਾ ।
(vi) ਪਸ਼ੂ ਮੇਲਿਆਂ ਦਾ ਆਯੋਜਨ ਕਰਨਾ ।

3. **ਕੌਮੀ ਬੀਜ ਨਿਗਮ ਵੱਲੋਂ ਕੀਤੇ ਜਾਣ ਵਾਲੇ ਕੋਈ ਚਾਰ ਕੰਮ ਲਿਖੋ ।**

– (i) ਫ਼ਸਲਾਂ ਦੇ ਪ੍ਰਮਾਣਿਤ ਬੀਜਾਂ ਦਾ ਉਤਪਾਦਨ ਕਰਨਾ ।
(ii) ਪ੍ਰਯੋਗਸ਼ਾਲਾਵਾਂ ਰਾਹੀਂ ਬੀਜਾਂ ਦੀ ਗੁਣਵਤਾ ਦੀ ਪਰਖ ਕਰਨਾ ।
(iii) ਬੀਜ ਦੀ ਵੰਡ ਅਤੇ ਮੰਡੀਕਰਨ ਦਾ ਪ੍ਰਬੰਧ ਕਰਨਾ ।
(iv) ਪੌਦਿਆਂ ਦੇ ਟਿਸ਼ੂ ਕਲਚਰ ਦਾ ਕੰਮ ਕਰਨਾ ।
(v) ਰਾਜ ਪੱਧਰੀ ਬੀਜ ਉਤਪਾਦਨ ਕੰਪਨੀਆਂ ਨੂੰ ਸਿਖਲਾਈ ਦੇਣਾ ।

4. **ਵਿਸ਼ਵ ਵਪਾਰ ਸੰਸਥਾ (WTO) ਦੇ ਕੋਈ ਚਾਰ ਮੁੱਖ ਉਦੇਸ਼ ਲਿਖੋ ।**

– (i) ਖੇਤੀ ਜਿਨਸਾਂ ਦੀ ਵਿਕਰੀ ਤੇ ਲੱਗੀਆਂ ਪਾਬੰਦੀਆਂ ਹਟਾਉਣਾ ।
(ii) ਕਿਸਾਨਾਂ ਨੂੰ ਦਿੱਤੀਆਂ ਜਾਂਦੀਆਂ ਖੇਤੀ ਰਿਆਇਤਾਂ ਜਾਂ ਤਾਂ ਘੱਟ ਕਰਨੀਆਂ ਜਾਂ ਬਿਲਕੁਲ ਬੰਦ ਕਰਨੀਆਂ ।
(iii) ਖੇਤੀ ਜਿਨਸਾਂ ਦੀ ਵਿਕਰੀ ਤੇ ਲੱਗਣ ਵਾਲੇ ਟੈਕਸਾਂ ਨੂੰ ਘਟਾਉਣਾ ।
(iv) ਖੇਤੀ ਦੇ ਨਿਰਯਾਤ ਤੇ ਦਿੱਤੀ ਜਾਣ ਵਾਲੀ ਸਹੂਲਤ ਘੱਟ ਕਰਨਾ ।
(v) ਸਨਅਤੀ ਵਸਤੂਆਂ ਵਾਂਗ ਫ਼ਸਲਾਂ ਅਤੇ ਰੁੱਖਾਂ ਦੀਆਂ ਕਿਸਮਾਂ ਦਾ ਪੇਟੈਂਟ ਕਰਨਾ ।
(vi) ਨਿਰਯਾਤ ਕੋਟਾ ਸਿਸਟਮ ਨੂੰ ਖ਼ਤਮ ਕਰਕੇ ਨਿਰਯਾਤ ਸਬੰਧੀ ਸੁਚਾਰੂ ਨੀਤੀ ਅਪਨਾਉਣਾ ।

5. **ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ (GADVASU) ਦੇ ਚਾਰ ਕਾਲਜਾਂ ਦੇ ਨਾਂ ਲਿਖੋ ।**

– (i) ਵੈਟਨਰੀ ਕਾਲਜ
(ii) ਡੇਅਰੀ ਸਾਇੰਸ ਅਤੇ ਟੈਕਨੋਲੋਜੀ ਕਾਲਜ
(iii) ਮੱਛੀ ਪਾਲਣ ਕਾਲਜ
(iv) ਵੈਟਨਰੀ ਪਾਲੀਟੈਕਨਿਕ

ਭੁਪਿੰਦਰ

## ਪਾਠ - 2
## ਖੇਤੀ ਗਿਆਨ-ਵਿਗਿਆਨ ਦਾ ਸੋਮਾ : ਪੰਜਾਬ ਐਗਰੀਕਲਚਰਲ ਯੂਨੀਵਰਸਿਟੀ

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

1. ਹਿਮਾਚਲ ਪ੍ਰਦੇਸ਼ ਐਗਰੀਕਲਚਰਲ ਯੂਨੀਵਰਸਿਟੀ ਕਿੱਥੇ ਸਥਿਤ ਹੈ ?
   (ੳ) ਲੁਧਿਆਣਾ (ਅ) ਹਿਸਾਰ
   (ੲ) ਪਾਲਮਪੁਰ (ਸ) ਚੰਡੀਗੜ੍ਹ
2. ਭਾਰਤ ਦੀ ਪਹਿਲੀ ਐਗਰੀਕਲਚਰਲ ਯੂਨੀਵਰਸਿਟੀ ਕਿੱਥੇ ਸਥਾਪਿਤ ਕੀਤੀ ਗਈ ਸੀ ?
   (ੳ) ਪੰਤ ਨਗਰ (ਉੱਤਰ ਪ੍ਰਦੇਸ਼) (ਅ) ਭੁਬਨੇਸ਼ਵਰ (ਉੜੀਸਾ)
   (ੲ) ਲੁਧਿਆਣਾ (ਪੰਜਾਬ) (ਸ) ਹਿਸਾਰ (ਹਰਿਆਣਾ)
3. ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੇ ਪਹਿਲੇ ਉਪ ਕੁਲਪਤੀ ਦਾ ਦੱਸੋ ।
   (ੳ) ਡਾ. ਨੌਰਮਾਨ ਈ ਬੋਰਲਾਗ (ਅ) ਡਾ. ਪ੍ਰੇਮ ਨਾਥ ਥਾਪਰ
   (ੲ) ਡਾ. ਖੇਮ ਸਿੰਘ ਗਿੱਲ (ਸ) ਡਾ. ਜੀ. ਐੱਸ. ਕਾਲਕਟ
4. ਅੰਤਰਰਾਸ਼ਟਰੀ ਕਣਕ ਅਤੇ ਮੱਕੀ ਸੁਧਾਰ ਕੇਂਦਰ (CIMMYT) ਕਿੱਥੇ ਸਥਿਤ ਹੈ ?
   (ੳ) ਮੈਕਸੀਕੋ (ਅ) ਇਟਲੀ
   (ੲ) ਚੀਨ (ਸ) ਥਾਈਲੈਂਡ
5. ਇੰਟਰਨੈਸ਼ਨਲ ਰਾਈਸ ਰਿਸਰਚ ਇੰਸਟੀਚਿਊਟ (IRRI) ਕਿੱਥੇ ਸਥਿਤ ਹੈ ?
   (ੳ) ਨਵੀਂ ਦਿੱਲੀ (ਅ) ਲਾਹੌਰ
   (ੲ) ਮਨੀਲਾ (ਸ) ਬੀਜਿੰਗ
6. ਕਲਿਆਣ ਸੋਨਾ ਅਤੇ ਡਬਲਯੂ. ਐਲ. 711 ਕਿਹੜੀ ਫ਼ਸਲ ਦੀਆਂ ਉੱਨਤ ਕਿਸਮਾਂ ਹਨ ?
   (ੳ) ਮੱਕੀ (ਅ) ਝੋਨਾ
   (ੲ) ਕਣਕ (ਸ) ਨਰਮਾ
7. ਮਧਰੀਆਂ ਕਣਕਾਂ ਦਾ ਪਿਤਾਮਾ ਕਿਸ ਨੋਬਲ ਪੁਰਸਕਾਰ ਵਿਜੇਤਾ ਵਿਗਿਆਨੀ ਨੂੰ ਕਿਹਾ ਜਾਂਦਾ ਹੈ ?
   (ੳ) ਡਾ. ਨੌਰਮਾਨ ਈ. ਬੋਰਲਾਗ (ਅ) ਡਾ. ਗੁਰਦੇਵ ਸਿੰਘ ਖੁਸ਼
   (ੲ) ਡਾ. ਖੇਮ ਸਿੰਘ ਗਿੱਲ (ਸ) ਡਾ. ਐੱਨ. ਐੱਸ. ਰੰਧਾਵਾ
8. ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਕਿਹੜੇ ਵਿਗਿਆਨੀ ਨੇ ਝੋਨੇ ਦੀਆਂ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਵਿਕਸਿਤ ਕੀਤੀਆਂ ਹਨ ?
   (ੳ) ਡਾ. ਨੌਰਮਾਨ ਈ. ਬੋਰਲਾਗ (ਅ) ਡਾ. ਗੁਰਦੇਵ ਸਿੰਘ ਖੁਸ਼
   (ੲ) ਡਾ. ਖੇਮ ਸਿੰਘ ਗਿੱਲ (ਸ) ਡਾ. ਐੱਨ. ਐੱਸ. ਰੰਧਾਵਾ
9. ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੇ ਸੰਸਾਰ ਦਾ ਪਹਿਲਾ ਬਾਜਰੇ ਦਾ ਕਿਹੜਾ ਹਾਈਬ੍ਰਿਡ ਬੀਜ ਵਿਕਸਿਤ ਕੀਤਾ ਹੈ ?
   (ੳ) ਪਾਰਸ (ਅ) ਪੀ. ਜੀ. ਐੱਸ. ਐੱਚ. - 51
   (ੲ) ਹਰਾ ਮਧੂ (ਸ) ਐੱਚ. ਬੀ. - 1
10. ਪੰਜਾਬ ਦੀ ਪ੍ਰਮੁੱਖ ਬਾਗ਼ਬਾਨੀ ਫ਼ਸਲ ਕਿਹੜੀ ਹੈ ?
   (ੳ) ਅੰਬ (ਅ) ਬੇਰ
   (ੲ) ਅਨਾਰ (ਸ) ਕਿੰਨੂ

**ਉੱਤਰ :** 1. (ੲ) 2. (ੳ) 3. (ਅ) 4. (ੳ) 5. (ੲ)
6. (ੲ) 7. (ੳ) 8. (ਅ) 9. (ਸ) 10. (ਸ)

**ਹੇਠ ਲਿਖੀਆਂ ਖ਼ਾਲੀ ਥਾਵਾਂ ਵਿੱਚ ਬਰੈਕਟ ਵਿੱਚੋਂ ਸਹੀ ਸ਼ਬਦ ਚੁਣ ਕੇ ਭਰੋ :**

1. ਪੀ. ਏ. ਯੂ. ਵੱਲੋਂ ਹਾੜੀ ਦੇ ਕਿਸਾਨ ਮੇਲੇ ............. ਮਹੀਨੇ ਵਿੱਚ ਕਰਵਾਏ ਜਾਂਦੇ ਹਨ । (ਸਤੰਬਰ / ਮਾਰਚ)
2. ਪੀ. ਏ. ਯੂ. ਵੱਲੋਂ ਸਾਉਣੀ ਦੇ ਕਿਸਾਨ ਮੇਲੇ ............. ਮਹੀਨੇ ਵਿੱਚ ਕਰਵਾਏ ਜਾਂਦੇ ਹਨ । (ਸਤੰਬਰ / ਮਾਰਚ)
3. ਮੱਕੀ ਦੀ .................. ਕਿਸਮ ਨੇ ਹਰੀ ਕ੍ਰਾਂਤੀ ਲਿਆਉਣ ਵਿੱਚ ਮੁੱਢਲਾ ਯੋਗਦਾਨ ਪਾਇਆ ਹੈ । (ਪਰਭਾਤ / ਵਿਜੇ)
4. ਡਾ. ਗੁਰਦੇਵ ਸਿੰਘ ਖੁਸ਼ ਨੇ ................ ਦੀਆਂ ਮਧਰੀਆਂ ਉੱਨਤ ਕਿਸਮਾਂ ਵਿਕਸਿਤ ਕੀਤੀਆਂ ਹਨ । (ਮੱਕੀ / ਝੋਨੇ)
5. ਪੀ. ਏ. ਯੂ. ਵੱਲੋਂ ਕਿਸਾਨ ਮੇਲਿਆਂ ਦੀ ਸ਼ੁਰੂਆਤ ................ ਵਿੱਚ ਕੀਤੀ ਗਈ । (1967 / 1976)
6. ਪੰਜਾਬ ਵਿੱਚ ................. ਮਧੂ ਮੱਖੀ ਪਾਲੀ ਜਾਂਦੀ ਹੈ । (ਇਟੈਲੀਅਨ / ਡੂਮਣਾ)
7. ਪੰਜਾਬ ਵਿੱਚ ............. ਦੀ ਖੇਤੀ ਦੀ ਸ਼ੁਰੂਆਤ 1955-56 ਵਿੱਚ ਕੈਲਫੋਰਨੀਆ ਤੋਂ ਲਿਆ ਕੇ ਕੀਤੀ ਗਈ। (ਬੇਰ / ਕਿੰਨੂ)
8. ਭਾਰਤ ਦੇ ਕੁੱਲ ਸ਼ਹਿਦ ਉਤਪਾਦਨ ਵਿੱਚ ............... ਫੀਸਦੀ ਸ਼ਹਿਦ ਪੰਜਾਬ ਵਿੱਚ ਹੀ ਪੈਦਾ ਹੁੰਦਾ ਹੈ । (7 / 37)
9. ਦੇਸ਼ ਵਿੱਚ ਪੈਦਾ ਹੁੰਦੀਆਂ ਖੁੰਬਾਂ ਵਿੱਚੋਂ ............. ਫੀਸਦੀ ਖੁੰਬਾਂ ਸਿਰਫ ਪੰਜਾਬ ਹੀ ਪੈਦਾ ਕਰਦਾ ਹੈ । (40 / 14)
10. ਕੰਪਿਊਟਰ ਕਰਾਹੇ ਨਾਲ ਪੱਧਰੀ ਕੀਤੀ ਜ਼ਮੀਨ ਪਾਣੀ ਦੀ ਬੱਚਤ ................. ਹੁੰਦੀ ਹੈ । (ਵੱਧ / ਘੱਟ)

**ਉੱਤਰ :** 1. ਸਤੰਬਰ 2. ਮਾਰਚ 3. ਵਿਜੇ 4. ਝੋਨੇ 5. 1967
6. ਇਟੈਲੀਅਨ 7. ਕਿੰਨੂ 8. 37 9. 40 10. ਘੱਟ

ਹੇਠ ਲਿਖੇ ਕਥਨਾਂ ਵਿੱਚੋਂ ਸਹੀ / ਗਲਤ ਚੁਣੋ :

1. ਸਾਲ 1957 ਵਿੱਚ ਪੰਜਾਬ ਵਿੱਚ ਖੇਤੀਬਾੜੀ ਕਾਲਜ ਲੁਧਿਆਣਾ ਵਿਖੇ ਖੋਲਿਆ ਗਿਆ ਸੀ ।
2. ਉੜੀਸਾ ਐਗਰੀਕਲਚਰਲ ਯੂਨੀਵਰਸਿਟੀ, ਹਿਸਾਰ ਵਿਖੇ ਸਥਿਤ ਹੈ ।
3. ਪੀ. ਆਰ. - 106 ਕਣਕ ਦੀ ਉੱਨਤ ਕਿਸਮ ਹੈ ।
4. ਕਿਸਾਨ ਸੇਵਾ ਕੇਂਦਰ ਦਾ ਸੰਕਲਪ ਸਭ ਤੋਂ ਪਹਿਲਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਲਾਗੂ ਕੀਤਾ ਸੀ ।
5. ਹਰੀ ਕ੍ਰਾਂਤੀ ਦੌਰਾਨ 1970 ਦੇ ਦਹਾਕੇ ਵਿੱਚ ਦਾਣੇ ਸਾਂਭਣੇ ਮੁਹਾਲ ਹੋ ਗਏ ਸਨ ।
6. ਹੈਪੀ ਸੀਡਰ ਨਾਲ ਕਣਕ ਬੀਜਣ ਤੇ ਹੋਣ ਵਾਲਾ ਖਰਚਾ 20% ਵੱਧ ਜਾਂਦਾ ਹੈ ।
7. ਨੈੱਟ ਹਾਊਸ ਤਕਨਾਲੋਜੀ ਨਾਲ ਵਧੀਆ ਗੁਣਵੱਤਾ ਵਾਲੀ ਅਗੇਤੀ ਅਤੇ ਪਿਛੇਤੀ ਫ਼ਸਲ ਲਈ ਜਾ ਸਕਦੀ ਹੈ ।
8. ਪੀ. ਏ. ਯੂ. ਦੇ ਮੰਡੀਕਰਨ ਚੌਕਸੀ ਸੈੱਲ ਵੱਲੋਂ ਕਿਸਾਨਾਂ ਨੂੰ ਮੌਸਮ ਦੀ ਅਗਾਊਂ ਜਾਣਕਾਰੀ ਦਿੱਤੀ ਜਾਂਦੀ ਹੈ ।
9. ਡਾ. ਐੱਨ. ਐੱਸ. ਰੰਧਾਵਾ ਨੂੰ ਭਾਰਤੀ ਖੇਤੀ ਖੋਜ ਪ੍ਰੀਸ਼ਦ (ICAR) ਦੇ ਡਾਇਰੈਕਟਰ ਜਨਰਲ ਬਣਨ ਦਾ ਮਾਣ ਹਾਸਿਲ ਹੈ ।
10. ਪੀ. ਏ. ਯੂ. ਦੂਤ ਮੋਬਾਇਲ ਫੋਨ ਅਤੇ ਇੰਟਰਨੈੱਟ ਰਾਹੀਂ ਕਿਸਾਨਾਂ ਤੱਕ ਜਾਣਕਾਰੀ ਪਹੁੰਚਾਉਂਦੇ ਹਨ ।

ਉੱਤਰ : 1. ਸਹੀ 2. ਗਲਤ 3. ਗਲਤ 4. ਸਹੀ 5. ਸਹੀ
6. ਗਲਤ 7. ਸਹੀ 8. ਗਲਤ 9. ਸਹੀ 10. ਸਹੀ

ਸਹੀ ਮਿਲਾਨ ਕਰੋ :

| ੳ | | ਅ |
|---|---|---|
| 1. | ਅਕਲ ਨਾਲ ਵਾਹ ਤੇ | (i) ਹੈਪੀ ਸੀਡਰ |
| 2. | ਝੋਨੇ ਦੀ ਉੱਨਤ ਕਿਸਮ | (ii) ਸਬਜ਼ੀਆਂ ਦੀ ਸੁਰੱਖਿਅਤ ਖੇਤੀ |
| 3. | ਨੈੱਟ ਹਾਊਸ ਤਕਨਾਲੋਜੀ ਨਾਲ | (iii) ਰੱਜ ਕੇ ਖਾਹ |
| 4. | ਝੋਨੇ ਦੇ ਵੱਢ ਵਿੱਚ ਕਣਕ ਬੀਜਣ ਵਾਲੀ ਮਸ਼ੀਨ | (iv) ਹਰਾ ਮਧੂ |
| 5. | ਖਰਬੂਜ਼ੇ ਦੀ ਹਰਮਨ-ਪਿਆਰੀ ਕਿਸਮ | (v) ਪੀ. ਆਰ. - 106 |

ਉੱਤਰ : 1. (iii) 2. (v) 3. (ii) 4. (i) 5. (iv)

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਇੱਕ-ਦੋ ਵਾਕਾਂ ਵਿੱਚ ਦਿਓ :

1. **ਪੰਜਾਬ ਖੇਤੀਬਾੜੀ ਯੂਨੀਵਰਸਿਟੀ ਕਿਹੜੇ-ਕਿਹੜੇ ਸਾਧਨਾਂ ਰਾਹੀਂ ਕਿਸਾਨਾਂ ਨਾਲ ਸੰਪਰਕ ਕਰਦੀ ਹੈ ?**
- ਪੰਜਾਬ ਖੇਤੀਬਾੜੀ ਯੂਨੀਵਰਸਿਟੀ ਸਿਖਲਾਈ ਕੋਰਸਾਂ, ਪ੍ਰਦਰਸ਼ਨੀਆਂ, ਪਰਖ ਤਜ਼ਰਬਿਆਂ, ਕਿਸਾਨ ਮੇਲਿਆਂ, ਖੇਤ ਦਿਵਸਾਂ, ਖੇਤੀ ਸਾਹਿਤ, ਪੌਦਾ ਰੋਗ ਹਸਪਤਾਲ ਆਦਿ ਰਾਹੀਂ ਸਾਧਨਾਂ ਰਾਹੀਂ ਕਿਸਾਨਾਂ ਨਾਲ ਸੰਪਰਕ ਕਰਦੀ ਹੈ ।

2. **ਪੰਜਾਬ ਦਾ ਸਭ ਤੋਂ ਵੱਧ ਉਗਾਇਆ ਜਾਣ ਵਾਲਾ ਫ਼ਲ ਕਿਹੜਾ ਹੈ ? ਇਸ ਦੀ ਪੰਜਾਬ ਵਿੱਚ ਸ਼ੁਰੂਆਤ ਕਦੋਂ ਕੀਤੀ ਗਈ ?**
- ਕਿੰਨੂ ਪੰਜਾਬ ਵਿੱਚ ਸਭ ਤੋਂ ਵੱਧ ਉਗਾਇਆ ਜਾਣ ਵਾਲਾ ਫ਼ਲ ਹੈ । ਇਸ ਦੀ ਖੇਤੀ ਦੀ ਸ਼ੁਰੂਆਤ ਸਾਲ 1955-56 ਵਿੱਚ ਕੈਲੀਫੋਰਨੀਆ ਤੋਂ ਲਿਆ ਕੇ ਕੀਤੀ ਗਈ ।

3. **ਲੇਜ਼ਰ ਲੈਵਲਰ (ਕੰਪਿਊਟਰ ਕਰਾਹਾ) ਨਾਲ ਜ਼ਮੀਨ ਪੱਧਰਾ ਕਰਨ ਦਾ ਕੀ ਲਾਭ ਹੈ ?**
- ਕੰਪਿਊਟਰ ਕਰਾਹੇ ਨਾਲ ਜ਼ਮੀਨ ਇਕਸਾਰ ਪੱਧਰੀ ਹੋ ਜਾਂਦੀ ਹੈ । ਇਸ ਨਾਲ ਸਿੰਚਾਈ ਦੇ ਪਾਣੀ ਦੀ ਬੱਚਤ ਹੁੰਦੀ ਹੈ ।

4. **ਅੰਤਰਰਾਸ਼ਟਰੀ ਪੱਧਰ ਦੀਆਂ ਦੋ ਸੰਸਥਾਵਾਂ ਦੇ ਨਾਂ ਲਿਖੋ, ਜਿਨ੍ਹਾਂ ਨਾਲ ਯੂਨੀਵਰਸਿਟੀ ਨੇ ਹਰੇ ਇਨਕਲਾਬ ਦੀ ਪ੍ਰਾਪਤੀ ਲਈ ਸਾਂਝ ਪਾਈ।**
- (i) ਅੰਤਰਰਾਸ਼ਟਰੀ ਕਣਕ ਅਤੇ ਮੱਕੀ ਸੁਧਾਰ ਕੇਂਦਰ (CIMMYT), ਮੈਕਸੀਕੋ
  (ii) ਇੰਟਰਨੈਸ਼ਨਲ ਰਾਈਸ ਰਿਸਰਚ ਇੰਸਟੀਚਿਊਟ (IRRI), ਮਨੀਲਾ (ਫ਼ਿਲੀਪੀਨਜ਼)

5. **ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚੋਂ ਕਿਹੜੀਆਂ ਤਿੰਨ ਹੋਰ ਯੂਨਵਰਸਿਟੀਆਂ ਬਣੀਆਂ ਹਨ ?**
- (i) ਚੌਧਰੀ ਚਰਨ ਸਿੰਘ ਹਰਿਆਣਾ ਖੇਤੀਬਾੜੀ ਯੂਨੀਵਰਸਿਟੀ, ਹਿਸਾਰ (ਹਰਿਆਣਾ)
  (ii) ਚੌਧਰੀ ਸਰਵਨ ਕੁਮਾਰ ਹਿਮਾਚਲ ਪ੍ਰਦੇਸ਼ ਖੇਤੀਬਾੜੀ ਯੂਨਵਰਸਿਟੀ, ਪਾਲਮਪੁਰ (ਹਿਮਾਚਲ ਪ੍ਰਦੇਸ਼)
  (iii) ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ (ਪੰਜਾਬ)

6. **ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੂਤ ਕੀ ਕੰਮ ਕਰਦੇ ਹਨ ?**
- ਇਹ ਦੂਤ ਮੋਬਾਇਲ ਫੋਨ ਅਤੇ ਇੰਟਰਨੈੱਟ ਰਾਹੀਂ ਪੀ. ਏ. ਯੂ. ਦੇ ਮਾਹਿਰਾਂ ਤੋਂ ਕਿਸਾਨਾਂ ਤੱਕ ਖੇਤੀ ਸਬੰਧੀ ਜਾਣਕਾਰੀ ਪਹੁੰਚਾਉਣ ਦਾ ਕੰਮ ਕਰਦੇ ਹਨ ।

7. **ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੂੰ ਕਿਹੜੀਆਂ ਫ਼ਸਲਾਂ ਦੇ ਪਹਿਲੇ ਹਾਈਬ੍ਰਿਡ ਬਣਾਉਣ ਦਾ ਮਾਣ ਹਾਸਿਲ ਹੈ ?**
- ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਬਾਜਰੇ (ਐਚ. ਬੀ.-1), ਮੱਕੀ (ਪਾਰਸ), ਗੋਭੀ ਸਰੋਂ (ਪੀ. ਜੀ. ਐਸ. ਐਚ.-51) ਫ਼ਸਲਾਂ ਦੇ ਪਹਿਲੇ ਹਾਈਬ੍ਰਿਡ ਵਿਕਸਿਤ ਕੀਤੇ ਹਨ ।

8. **ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਕਿਸਾਨ ਮੇਲੇ ਕਿਹੜੇ-ਕਿਹੜੇ ਮਹੀਨਿਆਂ ਵਿੱਚ ਆਯੋਜਿਤ ਕੀਤੇ ਜਾਂਦੇ ਹਨ ?**
- ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਹਰ ਸਾਲ ਹਾੜ੍ਹੀ ਦੀਆਂ ਫ਼ਸਲਾਂ ਦੀ ਕਾਸ਼ਤ ਤੋਂ ਪਹਿਲਾਂ ਸਤੰਬਰ ਮਹੀਨੇ ਵਿੱਚ ਅਤੇ ਸਾਉਣੀ ਦੀਆਂ ਫ਼ਸਲਾਂ ਦੀ ਕਾਸ਼ਤ ਤੋਂ ਪਹਿਲਾਂ ਮਾਰਚ ਮਹੀਨੇ ਵਿੱਚ ਲੁਧਿਆਣਾ ਅਤੇ ਰਾਜ ਵਿੱਚ ਵੱਖ-ਵੱਖ ਥਾਵਾਂ ਤੇ ਕਿਸਾਨ ਮੇਲੇ ਕਰਵਾਏ ਜਾਂਦੇ ਹਨ ।

9. **ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦਾ ਖੁੰਬ ਉਤਪਾਦਨ ਵਿੱਚ ਕੀ ਯੋਗਦਾਨ ਹੈ ?**
- ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਖੁੰਬਾਂ ਦੀਆਂ ਨਵੀਆਂ ਕਿਸਮਾਂ ਅਤੇ ਬੀਜਾਈ ਤਕਨੀਕਾਂ ਵਿਕਸਿਤ ਕਰਨ ਨਾਲ ਪੰਜਾਬ ਵਿੱਚ ਖੁੰਬਾਂ ਦੀ ਵਪਾਰਕ ਖੇਤੀ ਕੀਤੀ ਜਾਂਦੀ ਹੈ । ਭਾਰਤ ਦੇ ਕੁੱਲ ਖੁੰਬ ਉਤਪਾਦਨ ਦਾ 40% ਖੁੰਬਾਂ ਸਿਰਫ ਪੰਜਾਬ ਹੀ ਪੈਦਾ ਕਰਦਾ ਹੈ ।

10. **ਹੈਪੀ ਸੀਡਰ ਨਾਲ ਬੀਜਾਈ ਕਰਨ ਦੇ ਕੀ ਲਾਭ ਹਨ ?**

– ਹੈਪੀ ਸੀਡਰ ਦੀ ਵਰਤੋਂ ਕਰਨ ਨਾਲ ਝੋਨੇ ਦੀ ਪਰਾਲੀ ਸਾੜਨ ਨਾਲ ਹੋਣ ਵਾਲਾ ਪ੍ਰਦੂਸ਼ਣ ਘੱਟ ਹੋਇਆ ਹੈ । ਇਸ ਨਾਲ ਮਿੱਟੀ ਦੀ ਭੌਤਿਕ ਹਾਲਤ ਸੁਧਰਦੀ ਹੈ ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਤਿੰਨ-ਚਾਰ ਵਾਕਾਂ ਵਿੱਚ ਦਿਓ :**

1. **ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਚਾਰ ਕਾਲਜਾਂ ਦੇ ਨਾਂ ਲਿਖੋ ।**

– (i) ਖੇਤੀਬਾੜੀ ਕਾਲਜ
(ii) ਬੇਸਿਕ ਸਾਇੰਸ ਅਤੇ ਹਿਊਮੈਨਟੀਜ਼ ਕਾਲਜ
(iii) ਖੇਤੀਬਾੜੀ ਇੰਜੀਨੀਅਰਿੰਗ ਕਾਲਜ
(iv) ਹੋਮ ਸਾਇੰਸ ਕਾਲਜ

2. **ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਭ ਤੋਂ ਪਹਿਲਾਂ ਵਿਕਸਿਤ ਕੋਈ ਚਾਰ ਕਫਾਇਤੀ ਖੇਤੀ ਤਕਨੀਕਾਂ ਦੇ ਨਾਂ ਲਿਖੋ ।**

– (i) ਜ਼ੀਰੋ ਟਿੱਲੇਜ਼
(ii) ਪੱਤਾ ਰੰਗ ਚਾਰਟ
(iii) ਟੈਂਸ਼ੀਓਮੀਟਰ
(iv) ਹੈਪੀ ਸੀਡਰ
(v) ਲੇਜ਼ਰ ਕਰਾਹਾ

3. **ਨੈੱਟ ਹਾਊਸ ਤਕਨਾਲੋਜੀ ਰਾਹੀਂ ਸਬਜ਼ੀਆਂ ਉਗਾਉਣ ਦੇ ਕੋਈ ਚਾਰ ਲਾਭ ਲਿਖੋ ।**

– (i) ਵਧੀਆ ਕੁਆਲਟੀ ਦੀਆਂ ਸਬਜ਼ੀਆਂ ਪੈਦਾ ਕੀਤੀਆਂ ਜਾ ਸਕਦੀਆਂ ਹਨ ।
(ii) ਅਗੇਤੀ ਅਤੇ ਪਿਛੇਤੀ ਸਬਜ਼ੀਆਂ ਦੀ ਕਾਸ਼ਤ ਕੀਤੀ ਜਾ ਸਕਦੀ ਹੈ ।
(iii) ਇਸ ਰਾਹੀਂ ਕੀਟਨਾਸ਼ਕ ਦਵਾਈਆਂ ਦੀ ਖਪਤ ਘੱਟ ਹੁੰਦੀ ਹੈ ।
(iv) ਤੁਪਕਾ ਅਤੇ ਫੁਹਾਰਾ ਸਿੰਚਾਈ ਰਾਹੀਂ ਪਾਣੀ ਦੀ ਵੱਧ ਬੱਚਤ ਹੁੰਦੀ ਹੈ ।
(v) ਬੇਰੁੱਤੀਆਂ ਸਬਜ਼ੀਆਂ ਪੈਦਾ ਕਰਕੇ ਵੱਧ ਮੁਨਾਫਾ ਕਮਾਇਆ ਜਾ ਸਕਦਾ ਹੈ ।

4. **ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲਈ ਆਉਣ ਵਾਲੀਆਂ ਕੋਈ ਚਾਰ ਚੁਣੌਤੀਆਂ ਦੇ ਨਾਂ ਲਿਖੋ ।**

– (i) ਫ਼ਸਲ ਉਤਪਾਦਨ ਨੂੰ ਕਾਇਮ ਰੱਖਣਾ ।
(ii) ਫ਼ਸਲੀ ਵੰਨ-ਸੁਵੰਨਤਾ ਰਾਹੀਂ ਕੁਦਰਤੀ ਸਰੋਤਾਂ ਦੀ ਸੰਭਾਲ ਕਰਨੀ ।
(iii) ਮੌਸਮੀ ਬਦਲਾਅ ਦੇ ਖ਼ਤਰੇ ਦਾ ਸਾਹਮਣਾ ਕਰਨ ਲਈ ਖੋਜ ਕਾਰਜ ਕਰਨੇ ।
(iv) ਉਪਰਕੋਤ ਕਾਰਜਾਂ ਲਈ ਲੋੜੀਂਦਾ ਮਨੁੱਖੀ ਸਰੋਤ ਵਿਕਸਿਤ ਕਰਨਾ ।

5. **ਕਿਸਾਨ ਮੇਲਿਆਂ ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਕਿਸਾਨਾਂ ਨੂੰ ਕੀ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ ?**

– (i) ਵੱਖ-ਵੱਖ ਵਿਸ਼ਿਆਂ ਦੇ ਮਾਹਿਰਾਂ ਵੱਲੋਂ ਕਿਸਾਨਾਂ ਨਾਲ ਵਿਚਾਰ ਵਟਾਂਦਰਾ ਕਰਨਾ ।
(ii) ਕਿਸਾਨਾਂ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਖੇਤੀ ਸਾਹਿਤ ਮੁਹੱਈਆ ਕਰਾਉਣਾ ।
(iii) ਨਵੀਆਂ ਕਿਸਮਾਂ ਦੇ ਬੀਜ, ਫ਼ਲਦਾਰ ਬੂਟੇ ਅਤੇ ਘਰੇਲੂ ਬਗੀਚੀ ਲਈ ਸਬਜ਼ੀ ਬੀਜ ਕਿੱਟਾਂ ਮੁਹੱਈਆ ਕਰਾਉਣਾ ।
(iv) ਨਵੀਆਂ ਖੇਤੀ ਮਸ਼ੀਨਾਂ ਸਬੰਧੀ ਗਿਆਨ ਦੇਣਾ ।
(v) ਅਗਾਂਹ ਵਧੂ ਕਿਸਾਨਾਂ ਨੂੰ ਹੱਲਾਸ਼ੇਰੀ ਦੇਣ ਲਈ ਉਨ੍ਹਾਂ ਦਾ ਸਨਮਾਨ ਕਰਨਾ ।

# ਪਾਠ - 3
# ਹਾੜ੍ਹੀ ਦੀਆਂ ਫ਼ਸਲਾਂ

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

1. ਵਿਸ਼ਵ ਵਿੱਚ ਕਣਕ ਦੀ ਸਭ ਤੋਂ ਵੱਧ ਪੈਦਾਵਾਰ ਕਿਹੜੇ ਦੇਸ਼ ਵਿੱਚ ਹੁੰਦੀ ਹੈ ?
   (ੳ) ਭਾਰਤ (ਅ) ਜਪਾਨ
   (ੲ) ਚੀਨ (ਸ) ਸ੍ਰੀਲੰਕਾ
2. ਝੋਨੇ ਦੇ ਵੱਢ ਵਿੱਚ ਕਣਕ ਬੀਜਣ ਵਾਲੀ ਮਸ਼ੀਨ ਨੂੰ ਕੀ ਕਹਿੰਦੇ ਹਨ ?
   (ੳ) ਹੈਪੀ ਸੀਡਰ (ਅ) ਲੇਜ਼ਰ ਲੈਵਲਰ
   (ੲ) ਟੈਂਸੀਉਮੀਟਰ (ਸ) ਰੋਟਾਵੇਟਰ
3. ਇੱਕ ਏਕੜ ਵਿੱਚ ਕਣਕ ਬੀਜਣ ਲਈ ਕਿੰਨਾ ਬੀਜ ਚਾਹੀਦਾ ਹੈ ?
   (ੳ) 4 ਕਿਲੋ (ਅ) 14 ਕਿਲੋ
   (ੲ) 24 ਕਿਲੋ (ਸ) 40 ਕਿਲੋ
4. ਗੁੱਲੀ ਡੰਡਾ ਨਦੀਨ ਕਿਹੜੀ ਫ਼ਸਲ ਵਿੱਚ ਉੱਗਦਾ ਹੈ ?
   (ੳ) ਕਣਕ (ਅ) ਝੋਨਾ
   (ੲ) ਨਰਮਾ (ਸ) ਮੱਕੀ
5. ਸਟੋਰ ਕਰਨ ਵੇਲੇ ਦਾਣਿਆਂ ਵਿੱਚ ਨਮੀ ਕਿੰਨੇ ਪ੍ਰਤੀਸ਼ਤ ਤੋਂ ਵੱਧ ਨਹੀਂ ਹੋਣੀ ਚਾਹੀਦੀ ?
   (ੳ) 40% (ਅ) 60%
   (ੲ) 10% (ਸ) 50%
6. ਭਾਰਤ ਵਿੱਚ ਜੌਂਆਂ ਦੀ ਸਭ ਤੋਂ ਵੱਧ ਪੈਦਾਵਾਰ ਕਿਹੜੇ ਰਾਜ ਵਿੱਚ ਹੁੰਦੀ ਹੈ ?
   (ੳ) ਰਾਜਸਥਾਨ (ਅ) ਗੁਜਰਾਤ
   (ੲ) ਪੰਜਾਬ (ਸ) ਹਰਿਆਣਾ
7. ਵਿਸ਼ਵ ਵਿੱਚ ਦਾਲਾਂ ਦੀ ਸਭ ਤੋਂ ਵੱਧ ਪੈਦਾਵਾਰ ਕਿਹੜੇ ਦੇਸ਼ ਵਿੱਚ ਹੁੰਦੀ ਹੈ ?
   (ੳ) ਬੰਗਲਾਦੇਸ਼ (ਅ) ਇਰਾਨ
   (ੲ) ਅਫਗਾਨਿਸਤਾਨ (ਸ) ਭਾਰਤ
8. ਫ਼ਲੀਦਾਰ ਫ਼ਸਲਾਂ ਨੂੰ ਕਿਹੜੇ ਤੱਤ ਦੀ ਘੱਟ ਲੋੜ ਹੁੰਦੀ ਹੈ ?
   (ੳ) ਨਾਈਟਰੋਜਨ (ਅ) ਫਾਸਫੋਰਸ
   (ੲ) ਪੋਟਾਸ਼ (ਸ) ਮੈਂਗਨੀਜ਼
9. ਵਪਾਰਕ ਆਧਾਰ ਤੇ ਕਿਹੜੀ ਫ਼ਸਲ ਨੂੰ ਤੇਲ ਬੀਜਾਂ ਦੀ ਮਸਟਰਡ ਸ਼੍ਰੇਣੀ ਵਿੱਚ ਗਿਣਿਆ ਜਾਂਦਾ ਹੈ ?
   (ੳ) ਸੂਰਜਮੁਖੀ (ਅ) ਰਾਇਆ
   (ੲ) ਤਾਰਾਮੀਰਾ (ਸ) ਤੋਰੀਆ
10. ਭਾਰਤ ਵਿੱਚ ਤੇਲ ਬੀਜ ਫ਼ਸਲਾਂ ਦੀ ਸਭ ਤੋਂ ਵੱਧ ਪੈਦਾਵਾਰ ਕਿਹੜੇ ਰਾਜ ਵਿੱਚ ਹੁੰਦੀ ਹੈ ?
   (ੳ) ਹਿਮਾਚਲ ਪ੍ਰਦੇਸ਼ (ਅ) ਗੁਜਾਰਾਤ
   (ੲ) ਪੰਜਾਬ (ਸ) ਰਾਜਸਥਾਨ

**ਉੱਤਰ :** 1. (ੲ) 2. (ੳ) 3. (ਸ) 4. (ੳ) 5. (ੲ)
6. (ੳ) 7. (ਸ) 8. (ੳ) 9. (ਅ) 10. (ਸ)

**ਹੇਠ ਲਿਖੀਆਂ ਖ਼ਾਲੀ ਥਾਵਾਂ ਵਿੱਚ ਬਰੈਕਟ ਵਿੱਚੋਂ ਸਹੀ ਸ਼ਬਦ ਚੁਣ ਕੇ ਭਰੋ :**

1. ਕਣਕ ਨੂੰ ਬੀਜਾਈ ਦੇ ਦਿਨਾਂ ਵਿੱਚ ...................... ਦੀ ਲੋੜ ਹੁੰਦੀ ਹੈ । (ਠੰਢ / ਗਰਮੀ)
2. ਪੂਰੇ ਸਾਲ ਵਿੱਚ ਇੱਕ ਖੇਤ ਵਿੱਚ ਫ਼ਸਲਾਂ ਉਗਾਉਣ ਨੂੰ ................ ਚੱਕਰ ਕਹਿੰਦੇ ਹਨ । (ਜੀਵਨ / ਫ਼ਸਲੀ)
3. ਬਾਥੂ ................. ਰੁੱਤ ਦਾ ਨਦੀਨ ਹੈ । (ਹਾੜ੍ਹੀ / ਸਾਉਣੀ)
4. ਜ਼ਿੰਕ ਸਲਫੇਟ ਖਾਦ ਦੀ ਵਰਤੋਂ ................ ਤੱਤ ਦੀ ਘਾਟ ਨੂੰ ਪੂਰਾ ਕਰਨ ਲਈ ਕੀਤੀ ਜਾਂਦੀ ਹੈ । (ਮੈਂਗਨੀਜ਼ / ਜ਼ਿੰਕ)
5. ................ ਹਾਰਵੈਸਟਰ ਕਣਕ ਦੀ ਕਟਾਈ ਅਤੇ ਗਹਾਈ ਦੋਵੇਂ ਕੰਮ ਇਕੱਠੇ ਹੀ ਕਰ ਦਿੰਦੀ ਹੈ । (ਕੰਬਾਈਨ / ਥਰੈਸ਼ਰ)
6. ਕਾਂਗਿਆਰੀ ਨਾਂ ਦੀ ਬੀਮਾਰੀ ................ ਦੀ ਫ਼ਸਲ ਨੂੰ ਲੱਗਦੀ ਹੈ । (ਝੋਨੇ / ਕਣਕ)
7. ਜਿਹੜੀ ਜ਼ਮੀਨ ਨੂੰ ਸਿੰਚਾਈ ਕੀਤੀ ਜਾਂਦੀ ਹੈ, ਉਸ ਨੂੰ ................ ਜ਼ਮੀਨ ਕਹਿੰਦੇ ਹਨ । (ਸੇਂਜੂ / ਬਰਾਨੀ)
8. ਜੀਵਾਣੂ ਖਾਦ ਦਾ ਟੀਕਾ .............. ਦੇ ਬੀਜਾਂ ਨੂੰ ਲਗਾਇਆ ਜਾਂਦਾ ਹੈ । (ਕਣਕ / ਛੋਲਿਆਂ)
9. ................. ਤੇਲ ਬੀਜ ਫ਼ਸਲ ਹੈ । (ਸਰ੍ਹੋਂ / ਮਸਰ)
10. ਬਰਸੀਮ ਦਾ ਪਹਿਲਾ ਲੌਅ, ਬੀਜਾਈ ਤੋਂ ਲਗਭਗ .............. ਦਿਨਾਂ ਪਿੱਛੋਂ ਤਿਆਰ ਹੋ ਜਾਂਦਾ ਹੈ । (10 / 50)

**ਉੱਤਰ :** 1. ਠੰਢ 2. ਫ਼ਸਲੀ 3. ਹਾੜ੍ਹੀ 4. ਜ਼ਿੰਕ 5. ਕੰਬਾਈਨ
6. ਕਣਕ 7. ਸੇਂਜੂ 8. ਛੋਲਿਆਂ 9. ਸਰ੍ਹੋਂ 10. 50

**ਹੇਠ ਲਿਖੇ ਕਥਨਾਂ ਵਿੱਚੋਂ ਸਹੀ / ਗਲਤ ਚੁਣੋ :**

1. ਹਾੜ੍ਹੀ ਦੀਆਂ ਫ਼ਸਲਾਂ ਮਾਰਚ-ਅਪ੍ਰੈਲ ਵਿੱਚ ਬੀਜੀਆਂ ਜਾਂਦੀਆਂ ਹਨ ।
2. ਬੈੱਡ ਪਲਾਂਟਰ ਨਾਲ ਚੌੜੀਆਂ ਵੱਟਾਂ ਤੇ ਕਣਕ ਬੀਜਣ ਨਾਲ ਬੀਜ ਅਤੇ ਪਾਣੀ ਦੀ ਬੱਚਤ ਹੁੰਦੀ ਹੈ ।
3. ਫ਼ਲੀਦਾਰ ਫ਼ਸਲਾਂ ਹਵਾ ਵਿਚਲੀ ਫਾਸਫੋਰਸ ਨੂੰ ਜ਼ਮੀਨ ਵਿੱਚ ਜਮ੍ਹਾਂ ਕਰ ਦਿੰਦੀਆਂ ਹਨ ।
4. ਭਾਰਤ ਵਿੱਚ ਦਾਲਾਂ ਦੀ ਖਪਤ ਸਭ ਤੋਂ ਵੱਧ ਹੋਣ ਕਾਰਨ ਹਰ ਸਾਲ ਦਾਲਾਂ ਦਾ ਆਯਾਤ ਕਰਨਾ ਪੈਂਦਾ ਹੈ ।
5. ਪੀ. ਬੀ. ਜੀ. - 1 ਕਾਬਲੀ ਛੋਲਿਆਂ ਦੀ ਉੱਨਤ ਕਿਸਮ ਹੈ ।
6. ਰਾਇਆ, ਗੋਭੀ ਸਰੋਂ, ਤੋਰੀਆ, ਤਾਰਾਮੀਰਾ, ਅਲਸੀ ਤੇਲ ਬੀਜ ਫ਼ਸਲਾਂ ਹਨ ।
7. ਕਨੋਲਾ ਸਰੋਂ ਦਾ ਤੇਲ ਮਨੁੱਖੀ ਸਿਹਤ ਲਈ ਬਹੁਤ ਵਧੀਆ ਹੁੰਦਾ ਹੈ ।
8. ਸੂਰਜਮੁਖੀ ਦੀ ਬੀਜਾਈ ਉੱਤਰ-ਦੱਖਣ ਦਿਸ਼ਾ ਵਾਲੀਆਂ ਵੱਟਾਂ ਤੇ ਪੂਰਬ ਵਾਲੇ ਪਾਸੇ ਕੀਤੀ ਜਾਂਦੀ ਹੈ ।
9. ਕੰਬਾਈਨ ਨਾਲ ਕੱਟੇ ਝੋਨੇ ਦੇ ਵੱਢ ਵਿੱਚ ਹੈਪੀ ਸੀਡਰ ਮਸ਼ੀਨ ਨਾਲ ਸਿੱਧੀ ਬੀਜਾਈ ਕੀਤੀ ਜਾ ਸਕਦੀ ਹੈ ।
10. ਜੌਂ ਦੀ ਫ਼ਸਲ ਨੂੰ ਵੱਧ ਪਾਣੀ ਦੀ ਲੋੜ ਹੁੰਦੀ ਹੈ ।

**ਉੱਤਰ :**

| | | | | | | | | | |
|---|---|---|---|---|---|---|---|---|---|
| 1. | ਗਲਤ | 2. | ਸਹੀ | 3. | ਗਲਤ | 4. | ਸਹੀ | 5. | ਗਲਤ |
| 6. | ਸਹੀ | 7. | ਸਹੀ | 8. | ਗਲਤ | 9. | ਸਹੀ | 10. | ਗਲਤ |

**ਸਹੀ ਮਿਲਾਨ ਕਰੋ :**

| | | | |
|---|---|---|---|
| 1. | ਹਾੜ੍ਹੀ ਦੀਆਂ ਚਾਰੇ ਵਾਲੀਆਂ ਫ਼ਸਲਾਂ | (i) | ਟੌਪਿਕ, ਲੀਡਰ, ਐਟਲਾਂਟਿਸ, ਟੋਟਲ, ਸਟੌਂਪ |
| 2. | ਨਦੀਨਨਾਸ਼ਕ ਦਵਾਈਆਂ | (ii) | ਬਰਸੀਮ, ਸ਼ਫਤਲ, ਲੂਸਣ, ਜਵੀਂ, ਰਾਈ ਘਾਹ, ਸੇਂਜੀ |
| 3. | ਬਰਾਨੀ ਦੇਸੀ ਛੋਲਿਆਂ ਦੀਆਂ ਕਿਸਮਾਂ | (iii) | ਕਣਕ |
| 4. | ਹਾੜ੍ਹੀ ਦੀ ਅਨਾਜ ਵਾਲੀ ਮੁੱਖ ਫ਼ਸਲ | (iv) | ਹੜੰਬਾ |
| 5. | ਕਣਕ ਦੀ ਗਹਾਈ ਕਰਨ ਵਾਲੀ ਮਸ਼ੀਨ | (v) | ਪੀ. ਡੀ. ਜੀ. - 3 ਅਤੇ ਪੀ. ਡੀ. ਜੀ. - 4 |

**ਉੱਤਰ :** 1. (ii) 2. (i) 3. (v) 4. (iii) 5. (iv)

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਇੱਕ-ਦੋ ਵਾਕਾਂ ਵਿੱਚ ਦਿਓ :**

1. **ਕਣਕ ਦੀ ਬੀਜਾਈ ਵੇਲੇ ਜ਼ਿਆਦਾ ਗਰਮੀ ਹੋਣ ਨਾਲ ਕੀ ਨੁਕਸਾਨ ਹੁੰਦਾ ਹੈ ?**
- ਕਣਕ ਦੀ ਬੀਜਾਈ ਦੇ ਦਿਨਾਂ ਵਿੱਚ ਜ਼ਿਆਦਾ ਗਰਮੀ ਹੋਣ ਨਾਲ ਇਹ ਜਾੜ (ਬੂਝਾ) ਘੱਟ ਮਾਰਦੀ ਹੈ ਅਤੇ ਇਸ ਉੱਤੇ ਕਈ ਕਿਸਮ ਦੀਆਂ ਬੀਮਾਰੀਆਂ ਵੀ ਆ ਜਾਂਦੀਆਂ ਹਨ ।

2. **ਕਣਕ ਦੇ ਖੇਤਾਂ ਵਿੱਚ ਉੱਗਣ ਵਾਲੇ ਚੌੜੇ ਪੱਤੇ ਵਾਲੇ ਨਦੀਨਾਂ ਦੇ ਨਾਂ ਲਿਖੋ ।**
- ਬਾਥੂ, ਕੰਡਿਆਲੀ ਪਾਲਕ, ਮੈਣਾ, ਮੈਣੀ, ਸੇਂਜੀ ਆਦਿ ਚੌੜੇ ਪੱਤਿਆਂ ਵਾਲੇ ਨਦੀਨ ਕਣਕ ਵਿੱਚ ਉੱਗਦੇ ਹਨ ।

3. **ਫ਼ਲੀਦਾਰ ਫ਼ਸਲਾਂ ਤੋਂ ਬਾਅਦ ਬੀਜੀ ਨੂੰ ਕਣਕ ਨੂੰ ਨਾਈਟਰੋਜਨ ਘੱਟ ਕਿਉਂ ਪਾਉਣੀ ਚਾਹੀਦੀ ਹੈ ?**
- ਫ਼ਲੀਦਾਰ ਫ਼ਸਲਾਂ ਹਵਾ ਵਿਚਲੀ ਨਾਈਟਰੋਜਨ ਵਿੱਚ ਜ਼ਮੀਨ ਵਿੱਚ ਇਕੱਠਾ ਕਰ ਦਿੰਦੀਆਂ ਹਨ । ਇਸ ਲਈ ਫ਼ਲੀਦਾਰ ਫ਼ਸਲਾਂ ਤੋਂ ਬਾਅਦ ਬੀਜੀ ਕਣਕ ਨੂੰ 25% ਨਾਈਟਰੋਜਨ ਘੱਟ ਪਾਉਣੀ ਚਾਹੀਦੀ ਹੈ ।

4. **ਕਣਕ ਨੂੰ ਪਹਿਲੀ ਸਿੰਚਾਈ ਕਦੋਂ ਕਰਨੀ ਚਾਹੀਦੀ ਹੈ ?**
- ਅਕਤੂਬਰ ਵਿੱਚ ਬੀਜੀ ਕਣਕ ਨੂੰ ਪਹਿਲਾ ਪਾਣੀ ਬੀਜਾਈ ਤੋਂ ਤਿੰਨ ਹਫ਼ਤੇ ਬਾਅਦ ਅਤੇ ਇਸ ਤੋਂ ਪਿੱਛੋਂ ਬੀਜੀ ਕਣਕ ਨੂੰ ਚਾਰ ਹਫ਼ਤੇ ਬਾਅਦ ਲਾਉਣਾ ਚਾਹੀਦਾ ਹੈ ਕਿਉਂਕਿ ਇਸ ਸਮੇਂ ਕਣਕ ਇੱਕ ਖਾਸ ਤਰ੍ਹਾਂ ਦੀਆਂ ਜੜ੍ਹਾਂ (ਕਰਾਊਨ ਜੜ੍ਹਾਂ) ਬਣਾਉਂਦੀ ਹੈ ।

5. **ਹਾੜ੍ਹੀ ਰੁੱਤ ਦੀਆਂ ਤੇਲ ਬੀਜ ਫ਼ਸਲਾਂ ਦੇ ਨਾਂ ਲਿਖੋ ।**
- ਪੰਜਾਬ ਵਿੱਚ ਹਾੜ੍ਹੀ ਰੁੱਤ ਵਿੱਚ ਰਾਇਆ, ਗੋਭੀ ਸਰ੍ਹੋਂ, ਤੋਰੀਆ, ਤਾਰਾਮੀਰਾ, ਅਲਸੀ, ਕਸੁੰਭੜਾ ਅਤੇ ਸੂਰਜਮੁਖੀ ਤੇਲ ਬੀਜ ਫ਼ਸਲਾਂ ਬੀਜੀਆਂ ਜਾਂਦੀਆਂ ਹਨ ।

6. **ਕਨੋਲਾ ਸਰ੍ਹੋਂ ਦੇ ਕੀ ਲਾਭ ਹਨ ?**
- ਕਨੋਲਾ ਸਰੋਂ ਦੇ ਤੇਲ ਵਿੱਚ ਇਰੂਸਿਕ ਐਸਿਡ ਅਤੇ ਖ਼ਲ ਵਿੱਚ ਗਲੂਕੋ-ਸਿਨੋਲੇਟਸ ਘੱਟ ਹੁੰਦੇ ਹਨ । ਇਸ ਲਈ ਕਨੋਲਾ ਸਰ੍ਹੋਂ ਦਾ ਤੇਲ ਮਨੁੱਖੀ ਸਿਹਤ ਲਈ ਅਤੇ ਖ਼ਲ ਪਸ਼ੂਆਂ ਦੀ ਖੁਰਾਕ ਲਈ ਬਹੁਤ ਵਧੀਆ ਹੁੰਦੇ ਹਨ ।

7. **ਸੂਰਜਮੁਖੀ ਨੂੰ ਪੂਰਬ-ਪੱਛਮ ਦਿਸ਼ਾ ਵਾਲੀਆਂ ਵੱਟਾਂ ਦੇ ਦੱਖਣ ਵਾਲੇ ਬੀਜਣ ਨਾਲ ਹੋਣ ਵਾਲੇ ਦੋ ਲਾਭ ਲਿਖੋ ।**
- ਪੂਰਬ-ਪੱਛਮ ਦਿਸ਼ਾ ਵਾਲੀਆਂ ਵੱਟਾਂ ਦੇ ਦੱਖਣ ਵਾਲੇ ਪਾਸੇ ਸੂਰਜਮੁਖੀ ਬੀਜਣ ਤੇ ਵੱਧ ਤਾਪਮਾਨ ਨਾਲ ਬੀਜ ਛੇਤੀ ਜੰਮਦਾ ਹੈ ਅਤੇ ਫ਼ਸਲ ਦਾ ਵਾਧਾ ਤੇਜ਼ੀ ਨਾਲ ਹੋਣ ਕਰਕੇ ਝਾੜ ਵੱਧ ਹੁੰਦਾ ਹੈ ।

8. **ਬਰਸੀਮ ਦੇ ਬੀਜ ਨੂੰ ਕਾਸ਼ਨੀ ਦੇ ਬੀਜ ਤੋਂ ਕਿਵੇਂ ਵੱਖ ਕੀਤਾ ਜਾਂਦਾ ਹੈ ?**
- ਬਰਸੀਮ ਦੇ ਬੀਜ ਨੂੰ ਪਾਣੀ ਵਿੱਚ ਡੁਬੋਇਆ ਜਾਂਦਾ ਹੈ । ਕਾਸ਼ਨੀ ਦਾ ਬੀਜ ਹਲਕਾ ਹੋਣ ਕਾਰਨ ਉੱਪਰ ਤੈਰਨ ਲੱਗ ਪੈਂਦਾ ਹੈ । ਇਸ ਨੂੰ ਛਾਣਨੀ ਨਾਲ ਅਲੱਗ ਕਰ ਦਿੱਤਾ ਜਾਂਦਾ ਹੈ ।

9. **ਰਾਇਆ ਦੀ ਫ਼ਸਲ ਨੂੰ ਨੁਕਸਾਨ ਪਹੁੰਚਾਉਣ ਵਾਲੇ ਕੋਈ ਚਾਰ ਕੀੜਿਆਂ ਦੇ ਨਾਂ ਲਿਖੋ ।**
- ਚਿਤਕਬਰੀ ਸੁੰਡੀ, ਸਲੇਟੀ ਸੁੰਡੀ, ਚੇਪਾ ਅਤੇ ਪੱਤੇ ਦਾ ਸੁਰੰਗੀ ਕੀੜਾ ਆਦਿ ਰਾਇਆ ਦੀ ਫ਼ਸਲ ਨੂੰ ਨੁਕਸਾਨ ਪਹੁੰਚਾਉਣ ਵਾਲੇ ਪ੍ਰਮੁੱਖ ਕੀੜੇ ਹਨ ।

10. **ਸੂਰਜਮੁਖੀ ਆਧਾਰਿਤ ਚਾਰ ਫ਼ਸਲੀ ਚੱਕਰਾਂ ਦੇ ਨਾਂ ਲਿਖੋ ।**
- ਝੋਨਾ/ਮੱਕੀ-ਆਲੂ-ਸੂਰਜਮੁਖੀ, ਝੋਨਾ-ਤੋਰੀਆ-ਸੂਰਜਮੁਖੀ, ਨਰਮਾ-ਸੂਰਜਮੁਖੀ, ਬਾਸਮਤੀ-ਸੂਰਜਮੁਖੀ

ਭੁਪਿੰਦਰ

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਤਿੰਨ-ਚਾਰ ਵਾਕਾਂ ਵਿੱਚ ਦਿਓ :

1. **ਜ਼ੀਰੋ ਟਿੱਲ ਡਰਿੱਲ ਨਾਲ ਕਣਕ ਦੀ ਬੀਜਾਈ ਕਰਨ ਦੇ ਚਾਰ ਲਾਭ ਲਿਖੋ ।**

– (i) ਇਸ ਨਾਲ ਡੀਜ਼ਲ ਦੀ ਬੱਚਤ ਹੁੰਦੀ ਹੈ ।
(ii) ਵਾਯੂਮੰਡਲ ਦਾ ਪ੍ਰਦੂਸ਼ਣ ਘੱਟਦਾ ਹੈ ।
(iii) ਪਹਿਲੀ ਸਿੰਚਾਈ ਸਮੇਂ ਪਾਣੀ ਘੱਟ ਲੱਗਦਾ ਹੈ ਜਿਸ ਕਾਰਨ ਕਣਕ ਪੀਲੀ ਨਹੀਂ ਪੈਂਦੀ ।
(iv) ਨਦੀਨ ਘੱਟ ਉੱਗਦੇ ਹਨ ।
(v) ਕਣਕ ਦੀ ਫ਼ਸਲ ਘੱਟ ਡਿੱਗਦੀ ਹੈ ।

2. **ਬਰਸੀਮ ਦੀ ਫ਼ਸਲ ਵਿੱਚ ਇਟਸਿਟ ਦੀ ਰੋਕਥਾਮ ਕਿਵੇਂ ਕੀਤੀ ਜਾ ਸਕਦੀ ਹੈ ?**

– ਬਰਸੀਮ ਦੇ ਜਿਨ੍ਹਾਂ ਖੇਤਾਂ ਵਿੱਚ ਇਟਸਿਟ ਦੀ ਸਮੱਸਿਆ ਹੋਵੇ ਉੱਥੇ ਬਰਸੀਮ ਵਿੱਚ ਰਾਇਆ ਰਲਾ ਕੇ ਬੀਜਣਾ ਚਾਹੀਦਾ ਹੈ । ਕਿਉਂਕਿ ਰਾਇਆ ਦੀ ਫ਼ਸਲ ਛੇਤੀ ਵੱਧਦੀ ਹੈ ਅਤੇ ਇਹ ਇਟਸਿਟ ਦੇ ਪੌਦਿਆਂ ਨੂੰ ਦੱਬ ਲੈਂਦੀ ਹੈ । ਇਟਸਿਟ ਵਾਲੇ ਖੇਤਾਂ ਵਿੱਚ ਬਰਸੀਮ ਦੀ ਬੀਜਾਈ ਅਕਤੂਬਰ ਦੇ ਦੂਜੇ ਹਫ਼ਤੇ ਤੱਕ ਪਿਛੇਤੀ ਕਰੋ ਕਿਉਂਕਿ ਉਸ ਵੇਲੇ ਤਾਪਮਾਨ ਘੱਟਣ ਕਾਰਨ ਇਹ ਨਦੀਨ ਘੱਟ ਉਗਦਾ ਹੈ ।

3. **ਗੋਭੀ ਸਰੋਂ ਦੀ ਖੇਤੀ ਲਈ ਜਲਵਾਯੂ ਅਤੇ ਜ਼ਮੀਨ, ਕਨੌਲਾ ਕਿਸਮਾਂ, ਖੇਤ ਦੀ ਤਿਆਰੀ ਅਤੇ ਬੀਜ ਦੀ ਮਾਤਰਾ ਬਾਰੇ ਲਿਖੋ ।**

– ਜਲਵਾਯੂ ਅਤੇ ਜ਼ਮੀਨ : ਦਰਮਿਆਨੀ ਤੋਂ ਭਾਰੀ ਬਾਰਿਸ਼ ਵਾਲੇ ਇਲਾਕਿਆਂ ਵਿੱਚ ਲਗਭਗ ਹਰ ਤਰ੍ਹਾਂ ਦੀ ਜ਼ਮੀਨ ਵਿੱਚ ਬੀਜੀ ਜਾ ਸਕਦੀ ਹੈ ।
ਕਨੌਲਾ ਕਿਸਮਾਂ : ਜੀ. ਐਸ. ਸੀ.-6, ਜੀ. ਐਸ. ਸੀ.-5
ਖੇਤ ਦੀ ਤਿਆਰੀ : ਜਮੀਨ ਨੂੰ 2 ਤੋਂ 4 ਵਾਰ ਵਾਹੋ ਅਤੇ ਹਰ ਵਾਹੀ ਬਾਅਦ ਸੁਹਾਗਾ ਫੇਰੋ ।
ਬੀਜ ਦੀ ਮਾਤਰਾ : 1.5 ਕਿਲੋ ਬੀਜ ਪ੍ਰਤੀ ਏਕੜ ਵਰਤੋ ।

4. **ਬਰਾਨੀ ਦੇਸੀ ਛੋਲਿਆਂ ਦੀ ਕਾਸ਼ਤ ਲਈ ਫ਼ਸਲ ਚੱਕਰ, ਉੱਨਤ ਕਿਸਮਾਂ, ਬੀਜ ਦੀ ਮਾਤਰਾ ਅਤੇ ਬੀਜਾਈ ਦੇ ਸਮੇਂ ਬਾਰੇ ਲਿਖੋ ।**

– ਫ਼ਸਲ ਚੱਕਰ : ਬਾਜਰਾ-ਛੋਲੇ, ਝੋਨਾ/ਮੱਕੀ-ਛੋਲੇ
ਉੱਨਤ ਕਿਸਮਾਂ : ਪੀ. ਡੀ. ਜੀ.-4, ਪੀ. ਡੀ. ਜੀ.-3
ਬੀਜ ਦੀ ਮਾਤਰਾ : 15-18 ਕਿਲੋ
ਬੀਜਾਈ ਦਾ ਸਮਾਂ : 10 ਤੋਂ 25 ਅਕਤੂਬਰ ਤੱਕ

5. **ਵਡਾਣਕ ਕਣਕ ਦੀ ਖੇਤੀ ਲਈ ਉੱਨਤ ਕਿਸਮਾਂ, ਬੀਜ ਦੀ ਮਾਤਰਾ, ਕੀੜੇ ਅਤੇ ਬੀਮਾਰੀਆਂ ਬਾਰੇ ਲਿਖੋ ।**

– ਉੱਨਤ ਕਿਸਮਾਂ : ਡਬਲਯੂ. ਐਚ. ਡੀ.-943, ਪੀ. ਡੀ. ਡਬਲਯੂ.-291, ਪੀ. ਡੀ. ਡਬਲਯੂ.-233
ਬੀਜ ਦੀ ਮਾਤਰਾ : 40 ਕਿਲੋ ਪ੍ਰਤੀ ਏਕੜ
ਕੀੜੇ : ਸਿਉਂਕ, ਚੇਪਾ, ਸੈਨਿਕ ਸੁੰਡੀ, ਅਮਰੀਕਨ ਸੁੰਡੀ
ਬੀਮਾਰੀਆਂ : ਪੀਲੀ ਕੁੰਗੀ, ਭੂਰੀ ਕੁੰਗੀ, ਕਾਂਗਿਆਰੀ, ਮੱਮਣੀ, ਟੁੰਡੂ, ਕਰਨਾਲ ਬੰਟ

ਤ੍ਰਿਪਤਾ

# ਪਾਠ – 4
# ਸਰਦੀ ਦੀਆਂ ਸਬਜ਼ੀਆਂ ਦੀ ਕਾਸ਼ਤ

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

1. ਪੰਜਾਬ ਪਸੰਦ ਕਿਹੜੀ ਸਬਜ਼ੀ ਦੀ ਉੱਨਤ ਕਿਸਮ ਹੈ ?
   (ੳ) ਮੂਲੀ (ਅ) ਗਾਜਰ
   (ੲ) ਮਟਰ (ਸ) ਫੁੱਲ ਗੋਭੀ
2. ਮਟਰ ਦੀ ਕਿਹੜੀ ਕਿਸਮ ਛਿਲਕੇ ਸਮੇਤ ਖਾਣ ਯੋਗ ਹੁੰਦੀ ਹੈ ?
   (ੳ) ਪੰਜਾਬ – 89 (ਅ) ਮਿੱਠੀ ਫ਼ਲੀ
   (ੲ) ਮਟਰ ਅਗੇਤਾ – 6 (ਸ) ਅਰਕਲ
3. ਮੂਲੀ ਦੀ ਕਿਹੜੀ ਕਿਸਮ ਜਨਵਰੀ-ਫਰਵਰੀ ਵਿੱਚ ਬੀਜੀ ਜਾ ਸਕਦੀ ਹੈ ?
   (ੳ) ਪੂਸਾ ਹਿਮਾਨੀ (ਅ) ਪੂਸਾ ਚੇਤਕੀ
   (ੲ) ਪੰਜਾਬ ਪਸੰਦ (ਸ) ਜਪਾਨੀ ਵਾਈਟ
4. ਪਾਲਮ ਸਮਰਿਧੀ ਕਿਹੜੀ ਸਬਜ਼ੀ ਦੀ ਉੱਨਤ ਕਿਸਮ ਹੈ ?
   (ੳ) ਫੁੱਲ ਗੋਭੀ (ਅ) ਬੰਦ ਗੋਭੀ
   (ੲ) ਬਰੌਕਲੀ (ਸ) ਆਲੂ
5. ਇੱਕ ਏਕੜ ਵਿੱਚ ਬੰਦ ਗੋਭੀ ਬੀਜਣ ਲਈ ਕਿੰਨਾ ਬੀਜ ਲੋੜੀਂਦਾ ਹੈ ?
   (ੳ) 250 ਗਰਾਮ (ਅ) 25 ਗਰਾਮ
   (ੲ) 520 ਗਰਾਮ (ਸ) 125 ਗਰਾਮ
6. ਗਾਜਰ, ਮੂਲੀ ਅਤੇ ਸ਼ਲਗਮ ਦੀ ਕਾਸ਼ਤ ਲਈ ਕਿਹੜੀ ਜ਼ਮੀਨ ਵਧੀਆ ਮੰਨੀ ਗਈ ਹੈ ?
   (ੳ) ਚੀਕਣੀ (ਅ) ਚੀਕਣੀ ਮੈਰਾ
   (ੲ) ਰੇਤੀਲੀ ਮੈਰਾ (ਸ) ਤੇਜ਼ਾਬੀ
7. ਕਿਹੜੀ ਖਾਦ ਰਸਾਇਣਕ ਢੰਗਾਂ ਨਾਲ ਕਾਰਖਾਨਿਆਂ ਵਿੱਚ ਤਿਆਰ ਕੀਤੀ ਜਾਂਦੀ ਹੈ ?
   (ੳ) ਯੂਰੀਆ (ਅ) ਰੂੜੀ ਦੀ ਖਾਦ
   (ੲ) ਗੰਡੋਆ ਖਾਦ (ਸ) ਕੰਪੋਸਟ ਖਾਦ
8. ਕਿਹੜੀ ਸਬਜ਼ੀ ਸਿੱਧੀ ਬੀਜਾਈ ਨਾਲ ਬੀਜੀ ਜਾਂਦੀ ਹੈ ?
   (ੳ) ਟਮਾਟਰ (ਅ) ਮਿਰਚ
   (ੲ) ਪਾਲਕ (ਸ) ਬੰਦ ਗੋਭੀ
9. ਸਬਜ਼ੀਆਂ ਨੂੰ ਰਸ ਚੂਸਣ ਵਾਲੇ ਕੀੜਿਆਂ ਤੋਂ ਬਚਾਉਣ ਲਈ ਕਿਹੜਾ ਕੀਟਨਾਸ਼ਕ ਵਰਤਿਆ ਜਾਂਦਾ ਹੈ ?
   (ੳ) ਰਾਈਜੋਬੀਅਮ (ਅ) ਕੈਪਟਾਨ
   (ੲ) ਸਟੌਂਪ (ਸ) ਮੈਲਾਥਿਆਨ
10. ਕਿਹੜੀ ਕਿਸਮ ਦੀਆਂ ਗਾਜਰਾਂ ਦਾ ਰੰਗ ਜਾਮਨੀ ਕਾਲਾ ਹੁੰਦਾ ਹੈ ?
   (ੳ) ਪੰਜਾਬ ਬਲੈਕ ਬਿਊਟੀ (ਅ) ਪੰਜਾਬ ਪਸੰਦ
   (ੲ) ਪੰਜਾਬ ਕੈਰਟ ਰੈਡ (ਸ) ਪੂਸਾ ਚੇਤਕੀ

**ਉੱਤਰ :** 1. (ੳ) 2. (ਅ) 3. (ੳ) 4. (ੲ) 5. (ੳ)
6. (ੲ) 7. (ੳ) 8. (ੲ) 9. (ਸ) 10. (ੳ)

**ਹੇਠ ਲਿਖੀਆਂ ਖ਼ਾਲੀ ਥਾਵਾਂ ਵਿੱਚ ਬਰੈਕਟ ਵਿੱਚੋਂ ਸਹੀ ਸ਼ਬਦ ਚੁਣ ਕੇ ਭਰੋ :**

1. ਸਾਨੂੰ ਤੰਦਰੁਸਤ ਰਹਿਣ ਲਈ ਰੋਜ਼ਾਨਾ .................. ਗਰਾਮ ਸਬਜ਼ੀਆਂ ਖਾਣੀਆਂ ਚਾਹੀਦੀਆਂ ਹਨ । (284 / 80)
2. ਬੰਦ ਗੋਭੀ ਦੀ ਪਨੀਰੀ .................. ਮਹੀਨੇ ਵਿੱਚ ਲਗਾਈ ਜਾਂਦੀ ਹੈ । (ਸਤੰਬਰ / ਮਾਰਚ)
3. ............. ਨੂੰ ਸਿੱਧੀ ਬੀਜਾਈ ਕਰਕੇ ਬੀਜਿਆ ਜਾਂਦਾ ਹੈ । (ਗਾਜਰ / ਪਿਆਜ਼)
4. ...................... ਦਵਾਈ ਨਾਲ ਸਬਜ਼ੀਆਂ ਦੇ ਬੀਜਾਂ ਦੀ ਸੋਧ ਕੀਤੀ ਜਾਂਦੀ ਹੈ । (ਥੀਰਮ / ਰੋਗਰ)
5. ਪੰਜਾਬ ਕੈਰਟ ਰੈਡ ਕਿਸਮ ਦੀਆਂ ਗਾਜਰਾਂ ਦਾ ਰੰਗ .................. ਹੁੰਦਾ ਹੈ । (ਕਾਲਾ / ਲਾਲ)
6. ਰਾਈਜੋਬੀਅਮ ਦਾ ਟੀਕਾ .................... ਦੇ ਬੀਜਾਂ ਨੂੰ ਲਗਾਇਆ ਜਾਂਦਾ ਹੈ । (ਮਟਰ / ਮੇਥੇ)
7. ਮਟਰ ਵਿੱਚ ................ ਦੀ ਭਰਪੂਰ ਮਾਤਰਾ ਹੁੰਦੀ ਹੈ । (ਚਰਬੀ / ਪ੍ਰੋਟੀਨ)
8. ਬਹਾਰ ਰੁੱਤ ਦੇ ਆਲੂ .................. ਦੇ ਪਹਿਲੇ ਪੰਦਰਵਾੜੇ ਵਿੱਚ ਬੀਜੇ ਜਾਂਦੇ ਹਨ । (ਜਨਵਰੀ / ਸਤੰਬਰ)
9. ..................... ਦੇ ਪੱਤਿਆਂ ਤੋਂ ਬਹੁਤ ਸੁਆਦ ਸਾਗ ਬਣਦਾ ਹੈ । (ਚੀਨੀ ਸਰੋਂ-1 / ਆਲੂ)
10. ਪੂਸਾ ਸਨੋਬਾਲ-1 ............. ਗੋਭੀ ਦੀ ਉੱਤਮ ਕਿਸਮ ਹੈ । (ਬੰਦ / ਫੁੱਲ)

**ਉੱਤਰ :** 1. 284 2. ਸਤੰਬਰ 3. ਗਾਜਰ 4. ਥੀਰਮ 5. ਲਾਲ
6. ਮਟਰ 7. ਪ੍ਰੋਟੀਨ 8. ਜਨਵਰੀ 9. ਚੀਨੀ ਸਰੋਂ-1 10. ਫੁੱਲ

**ਹੇਠ ਲਿਖੇ ਕਥਨਾਂ ਵਿੱਚੋਂ ਸਹੀ / ਗਲਤ ਚੁਣੋ :**

1. ਸਬਜ਼ੀਆਂ ਥੋੜ੍ਹੇ ਸਮੇਂ ਵਿੱਚ ਤਿਆਰ ਹੋ ਜਾਂਦੀਆਂ ਹਨ ।
2. ਜੀਵਕ ਖਾਦਾਂ ਮਿੱਟੀ ਦੀ ਭੌਤਿਕ ਅਤੇ ਰਸਾਇਣਕ ਹਾਲਤ ਨੂੰ ਠੀਕ ਰੱਖਦੀਆਂ ਹਨ ।
3. ਬੰਦ ਗੋਭੀ ਨੂੰ ਸਿੱਧੀ ਬੀਜਾਈ ਕਰਕੇ ਬੀਜਿਆ ਜਾਂਦਾ ਹੈ ।
4. ਸਬਜ਼ੀਆਂ ਨੂੰ ਮੁਰਝਾਉਣ ਤੋਂ ਬਾਅਦ ਹੀ ਪਾਣੀ ਦੇਣਾ ਚਾਹੀਦਾ ਹੈ ।
5. ਗਾਜਰ ਦੀਆਂ ਵਲਾਇਤੀ ਕਿਸਮਾਂ ਗਰਮੀ ਵਿੱਚ ਵੱਧ ਝਾੜ ਦਿੰਦੀਆਂ ਹਨ ।
6. ਪੰਜਾਬ ਬਲੈਕ ਬਿਊਟੀ ਕਿਸਮ ਦੀ ਗਾਜਰ ਦਾ ਰੰਗ ਲਾਲ ਹੁੰਦਾ ਹੈ ।
7. ਗਾਜਰਾਂ ਨੂੰ ਵੱਟਾਂ ਤੇ ਬੀਜਣਾ ਚਾਹੀਦਾ ਹੈ ।
8. ਮੂਲੀਆਂ ਕਿਸਮ ਅਤੇ ਮੌਸਮ ਅਨੁਸਾਰ 45-60 ਦਿਨਾਂ ਬਾਅਦ ਪੁੱਟਣ ਲਈ ਤਿਆਰ ਹੋ ਜਾਂਦੀਆਂ ਹਨ ।
9. ਮਟਰ ਗਰਮ ਰੁੱਤ ਦੀ ਮੁੱਖ ਸਬਜ਼ੀ ਹੈ ।
10. ਰਸਾਇਣਕ ਖਾਦਾਂ ਕਾਰਖਾਨਿਆਂ ਵਿੱਚ ਤਿਆਰ ਕੀਤੀਆਂ ਜਾਂਦੀਆਂ ਹਨ ।

**ਉੱਤਰ :** 1. ਸਹੀ 2. ਸਹੀ 3. ਗਲਤ 4. ਗਲਤ 5. ਗਲਤ
6. ਗਲਤ 7. ਸਹੀ 8. ਸਹੀ 9. ਗਲਤ 10. ਸਹੀ

**ਸਹੀ ਮਿਲਾਨ ਕਰੋ :**

| | | | |
|---|---|---|---|
| 1. | ਰਸ ਚੂਸਣ ਵਾਲਾ ਕੀੜਾ | (i) | ਫੁੱਲ ਗੋਭੀ, ਪੱਤਾ ਗੋਭੀ, ਬਰੋਕਲੀ, ਪਿਆਜ਼ |
| 2. | ਪਨੀਰੀ ਲਗਾ ਕੇ ਬੀਜੀਆਂ ਜਾਣ ਵਾਲੀਆਂ ਸਬਜ਼ੀਆਂ | (ii) | ਥੀਰਮ |
| 3. | ਬੀਜਾਂ ਨੂੰ ਸੋਧਣ ਲਈ ਦਵਾਈ | (iii) | ਯੂਰੀਆ, ਡੀ. ਏ. ਪੀ. |
| 4. | ਰਸਾਇਣਕ ਖਾਦਾਂ | (iv) | ਪੰਜਾਬ ਬਲੈਕ ਬਿਊਟੀ |
| 5. | ਜਾਮਨੀ ਕਾਲੇ ਰੰਗ ਦੀ ਗਾਜਰ ਦੀ ਕਿਸਮ | (v) | ਤੇਲਾ |

**ਉੱਤਰ :** 1. (v) 2. (i) 3. (ii) 4. (iii) 5. (iv)

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਇੱਕ-ਦੋ ਵਾਕਾਂ ਵਿੱਚ ਦਿਓ :**

1. **ਸਬਜ਼ੀ ਕਿਸ ਨੂੰ ਕਹਿੰਦੇ ਹਨ ?**
- ਪੌਦੇ ਦਾ ਉਹ ਨਰਮ ਭਾਗ ਜਿਵੇਂ ਕਿ ਜੜ੍ਹਾਂ, ਤਣਾ, ਪੱਤੇ, ਫੁੱਲ, ਫ਼ਲ ਆਦਿ ਜਾਂ ਤਾਂ ਸਲਾਦ ਦੇ ਤੌਰ ਤੇ ਕੱਚੇ ਖਾਧੇ ਜਾਂਦੇ ਹਨ ਜਾਂ ਫਿਰ ਪਕਾ (ਰਿੰਨ੍ਹ) ਕੇ ਖਾਧੇ ਜਾਂਦੇ ਹਨ, ਨੂੰ ਸਬਜ਼ੀ ਕਹਿੰਦੇ ਹਨ ।

2. **ਤੰਦਰੁਸਤ ਰਹਿਣ ਲਈ ਸਾਨੂੰ ਹਰ ਰੋਜ਼ ਕਿੰਨੀਆਂ ਸਬਜ਼ੀਆਂ ਖਾਣੀਆਂ ਚਾਹੀਦੀਆਂ ਹਨ ?**
- ਚੰਗੀ ਸਿਹਤ ਲਈ ਇੱਕ ਬਾਲਗ ਵਿਅਕਤੀ ਨੂੰ ਹਰ ਰੋਜ਼ ਲਗਭਗ 284 ਗ੍ਰਾਮ ਸਬਜ਼ੀਆਂ ਖਾਣੀਆਂ ਚਾਹੀਦੀਆਂ ਹਨ । ਇਨ੍ਹਾਂ ਵਿੱਚੋਂ 114 ਗਰਾਮ ਪੱਤਿਆਂ ਵਾਲੀਆਂ, 85 ਗਰਾਮ ਜੜ੍ਹਾਂ ਵਾਲੀਆਂ ਅਤੇ 85 ਗਰਾਮ ਬਾਕੀ ਸਬਜ਼ੀਆਂ ਹੋਣੀਆਂ ਚਾਹੀਦੀਆਂ ਹਨ ।

3. **ਜੜ੍ਹਾਂ ਵਾਲੀਆਂ ਸਬਜ਼ੀਆਂ ਦੀ ਕਾਸ਼ਤ ਲਈ ਕਿਹੋ ਜਿਹੀ ਜ਼ਮੀਨ ਵਧੀਆ ਰਹਿੰਦੀ ਹੈ ?**
- ਜੜ੍ਹਾਂ ਵਾਲੀਆਂ ਸਬਜ਼ੀਆਂ ਜਿਵੇਂ ਗਾਜਰ, ਮੂਲੀ, ਸ਼ਲਗਮ ਅਤੇ ਚਕੰਦਰ ਆਦਿ ਦੀ ਖੇਤੀ ਲਈ ਰੇਤਲੀ ਮੈਰਾ ਜ਼ਮੀਨ ਸਭ ਤੋਂ ਵਧੀਆ ਰਹਿੰਦੀ ਹੈ ।

4. **ਸਿੱਧੀ ਬੀਜਾਈ ਨਾਲ ਬੀਜੀਆਂ ਜਾਣ ਵਾਲੀਆਂ ਸਰਦੀ ਰੁੱਤ ਦੀਆਂ ਸਬਜ਼ੀਆਂ ਦੇ ਨਾਂ ਲਿਖੋ ।**
- ਸਰਦੀ ਰੁੱਤ ਦੀਆਂ ਸਬਜ਼ੀਆਂ ਜਿਵੇਂ ਗਾਜਰ, ਮੂਲੀ, ਸ਼ਲਗਮ, ਮਟਰ, ਪਾਲਕ, ਮੇਥੀ, ਧਨੀਆ ਅਤੇ ਆਲੂ ਸਿੱਧੀ ਬੀਜਾਈ ਨਾਲ ਬੀਜੀਆਂ ਜਾਂਦੀਆਂ ਹਨ ।

5. **ਪਨੀਰੀ ਲਗਾ ਕੇ ਉਗਾਈਆਂ ਜਾਣ ਵਾਲੀਆਂ ਸਰਦੀ ਰੁੱਤ ਦੀਆਂ ਸਬਜ਼ੀਆਂ ਦੇ ਨਾਂ ਲਿਖੋ ।**
- ਫੁੱਲ ਗੋਭੀ, ਬੰਦ ਗੋਭੀ, ਗੰਢ ਗੋਭੀ, ਚੀਨੀ ਬੰਦ ਗੋਭੀ, ਬਰੋਕਲੀ ਅਤੇ ਸਲਾਦ ਆਦਿ ਸਰਦ ਰੁੱਤ ਦੀਆਂ ਸਬਜ਼ੀਆਂ ਦੀ ਪਨੀਰੀ ਲਗਾਈ ਜਾਂਦੀ ਹੈ ।

6. **ਰਸਾਇਣਕ ਖਾਦਾਂ ਕਿਸ ਨੂੰ ਕਹਿੰਦੇ ਹਨ ?**
- ਜਿਹੜੀਆਂ ਖਾਦਾਂ ਕਾਰਖਾਨਿਆਂ ਵਿੱਚ ਰਸਾਇਣਕ ਤਰੀਕਿਆਂ ਨਾਲ ਤਿਆਰ ਕੀਤੀਆਂ ਜਾਂਦੀਆਂ ਹਨ, ਉਨ੍ਹਾਂ ਨੂੰ ਰਸਾਇਣਕ ਖਾਦਾਂ ਕਿਹਾ ਜਾਂਦਾ ਹੈ । ਇਨ੍ਹਾਂ ਵਿੱਚ ਇੱਕ ਜਾਂ ਇੱਕ ਤੋਂ ਵੱਧ ਖੁਰਾਕੀ ਤੱਤ ਪਾਏ ਜਾਂਦੇ ਹਨ ।

7. **ਮੂਲੀ ਦੀਆਂ ਉੱਨਤ ਕਿਸਮਾਂ ਦੇ ਨਾਂ ਲਿਖੋ ।**
- ਪੂਸਾ ਹਿਮਾਨੀ, ਪੰਜਾਬ ਪਸੰਦ, ਪੂਸਾ ਚੇਤਕੀ, ਪੰਜਾਬ ਸਫੇਦ ਮੂਲੀ-2 ਅਤੇ ਜਪਾਨੀ ਵਾਈਟ ਮੂਲੀ ਦੀਆਂ ਉੱਨਤ ਕਿਸਮਾਂ ਹਨ ।

8. **ਚੀਨੀ ਬੰਦ ਗੋਭੀ ਦੀਆਂ ਕਿਹੜੀਆਂ ਕਿਸਮਾਂ ਦੇ ਪੱਤਿਆਂ ਦਾ ਸਾਗ ਬਹੁਤ ਸੁਆਦ ਬਣਦਾ ਹੈ ?**
- ਚੀਨੀ ਬੰਦ ਗੋਭੀ ਦੀਆਂ ਚੀਨੀ ਸਰ੍ਹੋਂ-1 ਅਤੇ ਸਾਗ ਸਰਸੋਂ ਕਿਸਮਾਂ ਦੇ ਪੱਤਿਆਂ ਤੋਂ ਤਿਆਰ ਸਾਗ ਬਹੁਤ ਸੁਆਦ ਹੁੰਦਾ ਹੈ ।

9. **ਜਿਸ ਜ਼ਮੀਨ ਵਿੱਚ ਪਹਿਲੀ ਵਾਰ ਮਟਰ ਬੀਜਣੇ ਹੋਣ ਤਾਂ ਕੀ ਕਰਨਾ ਚਾਹੀਦਾ ਹੈ ?**
- ਜੇ ਜ਼ਮੀਨ ਵਿੱਚ ਮਟਰ ਪਹਿਲਾ ਵਾਰ ਬੀਜਣੇ ਹਨ ਤਾਂ ਮਟਰਾਂ ਦੇ ਬੀਜਾਂ ਨੂੰ ਬੀਜਣ ਤੋਂ ਪਹਿਲਾਂ ਰਾਈਜੋਬੀਅਮ ਕਲਚਰ ਦਾ ਟੀਕਾ ਜ਼ਰੂਰ ਲਗਾਉਣਾ ਚਾਹੀਦਾ ਹੈ । ਇਹ ਮਟਰਾਂ ਦਾ ਝਾੜ 15% ਤੱਕ ਵਧਾਉਂਦਾ ਹੈ ਅਤੇ ਫ਼ਲੀਆਂ ਵਿੱਚ ਦਾਨਿਆਂ ਦੀ ਮਾਤਰਾ ਵੱਧਦੀ ਹੈ ।

10. **ਪੰਜਾਬ ਵਿੱਚ ਆਲੂ ਦੀ ਬੀਜਾਈ ਦਾ ਸਹੀ ਸਮਾਂ ਕੀ ਹੈ ?**
- ਪੰਜਾਬ ਵਿੱਚ ਆਲੂ ਦੀ ਬੀਜਾਈ ਦਾ ਸਹੀ ਸਮਾਂ ਪੱਤਝੜ ਰੁੱਤ ਲਈ ਅਖੀਰ ਸਤੰਬਰ ਤੋਂ ਅੱਧ ਅਕਤੂਬਰ ਤੱਕ ਅਤੇ ਬਹਾਰ ਰੁੱਤ ਲਈ ਜਨਵਰੀ ਦਾ ਪਹਿਲਾ ਪੰਦਰਵਾੜਾ ਹੈ ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਤਿੰਨ-ਚਾਰ ਵਾਕਾਂ ਵਿੱਚ ਦਿਓ :**

1. **ਸਬਜ਼ੀਆਂ ਦੀ ਕਾਸ਼ਤ ਕਰਨ ਦੇ ਕੋਈ ਚਾਰ ਲਾਭ ਲਿਖੋ ।**

- (i) ਸਬਜ਼ੀਆਂ ਖੁਰਾਕੀ ਤੱਤਾਂ ਦਾ ਭਰਪੂਰ ਅਤੇ ਸਸਤਾ ਸੋਮਾ ਹਨ ।
  (ii) ਸਬਜ਼ੀਆਂ ਥੋੜ੍ਹੇ ਸਮੇਂ ਵਿੱਚ ਤਿਆਰ ਹੋ ਜਾਂਦੀਆਂ ਹਨ ।
  (iii) ਇਹ ਕਣਕ-ਝੋਨੇ ਦੇ ਫ਼ਸਲੀ ਚੱਕਰ ਨਾਲੋਂ 5-10 ਗੁਣਾਂ ਵੱਧ ਝਾੜ ਦਿੰਦੀਆਂ ਹਨ ।
  (iv) ਸਬਜ਼ੀਆਂ ਤੋਂ ਆਮਦਨ ਵੱਧ ਮਿਲਦੀ ਹੈ ।
  (v) ਸਬਜ਼ੀਆਂ ਉਗਾਉਣ ਨਾਲ ਹਰ ਰੋਜ਼ ਆਮਦਨ ਮਿਲਦੀ ਰਹਿੰਦੀ ਹੈ ।
  (vi) ਸਬਜ਼ੀਆਂ ਉਗਾਉਣ ਨਾਲ ਲੋਕਾਂ ਨੂੰ ਰੁਜ਼ਗਾਰ ਮਿਲਦਾ ਹੈ ਕਿਉਂਕਿ ਇਸ ਵਿੱਚ ਬਹੁਤ ਜ਼ਿਆਦਾ ਮਿਹਨਤ ਦੀ ਲੋੜ ਹੁੰਦੀ ਹੈ ।
  (vii) ਇਸ ਨਾਲ ਖੇਤੀ ਮਸ਼ੀਨਰੀ ਦੀ ਸਾਰਾ ਸਾਲ ਯੋਗ ਵਰਤੋਂ ਹੁੰਦੀ ਰਹਿੰਦੀ ਹੈ ।
  (viii) ਇਸ ਨਾਲ ਪਰਿਵਾਰ ਦੇ ਮੈਂਬਰਾਂ ਨੂੰ ਘਰ ਵਿੱਚ ਹੀ ਰੁਜ਼ਗਾਰ ਮਿਲ ਜਾਂਦਾ ਹੈ ।

2. **ਸਰਦੀ ਦੀਆਂ ਸਬਜ਼ੀਆਂ ਦੇ ਕੀੜਿਆਂ ਅਤੇ ਬੀਮਾਰੀਆਂ ਤੋਂ ਰੋਕਥਾਮ ਦੇ ਕੋਈ ਚਾਰ ਉਪਾਅ ਲਿਖੋ ।**

- (i) ਸਹੀ ਫ਼ਸਲ ਚੱਕਰ ਅਪਣਾ ਕੇ ਆਲੂ ਅਤੇ ਮਟਰਾਂ ਦੀਆਂ ਕੁੱਝ ਬੀਮਾਰੀਆਂ ਤੋਂ ਬਚਾਅ ਕੀਤਾ ਜਾ ਸਕਦਾ ਹੈ ।
  (ii) ਗਰਮੀ ਵਿੱਚ ਉਲਟਾਵਾਂ ਹਲ ਵਾਹੁਣ ਨਾਲ ਕਈ ਹਾਨੀਕਾਰਕ ਕੀੜੇ, ਰੋਗਾਣੂ ਅਤੇ ਨੀਮਾਟੋਡ ਤੇਜ਼ ਧੁੱਪ ਨਾਲ ਮਰ ਜਾਂਦੇ ਹਨ ।
  (iii) ਬੀਮਾਰ ਪੌਦਿਆਂ ਨੂੰ ਪੁੱਟ ਕੇ ਅਤੇ ਸਾਫ-ਸੁਥਰੀ ਖੇਤੀ ਕਰਕੇ ਕਈ ਤਰ੍ਹਾਂ ਦੀਆਂ ਬੀਮਾਰੀਆਂ ਤੋਂ ਬਚਾਇਆ ਜਾ ਸਕਦਾ ਹੈ ।
  (iv) ਅਗੇਤੀਆਂ ਸਬਜ਼ੀਆਂ ਬੀਜ ਕੇ ਅਤੇ ਵੱਡੇ ਕੀੜਿਆਂ ਨੂੰ ਹੱਥਾਂ ਨਾਲ ਨਸ਼ਟ ਕਰਕੇ ਨੁਕਸਾਨ ਤੋਂ ਬਚਾਇਆ ਜਾ ਸਕਦਾ ਹੈ ।
  (v) ਕੈਪਟਾਨ ਜਾਂ ਥੀਰਮ ਦਵਾਈ ਨਾਲ ਬੀਜਾਂ ਦੀ ਸੋਧ ਕਰਕੇ ਅਤੇ ਰੋਗ ਰਹਿਤ ਕਿਸਮਾਂ ਬੀਜ ਕੇ ਰੋਕਥਾਮ ਕੀਤੀ ਜਾ ਸਕਦੀ ਹੈ ।
  (vi) ਕੀਟਨਾਸ਼ਕ ਅਤੇ ਰੋਗਨਾਸ਼ਕ ਜ਼ਹਿਰਾਂ ਦੀ ਵਰਤੋਂ ਕਰਕੇ ਕੀੜਿਆਂ ਅਤੇ ਬੀਮਾਰੀਆਂ ਦੀ ਰੋਕਥਾਮ ਕਰ ਸਕਦੇ ਹਾਂ ।

3. **ਅਗੇਤੀ ਬੰਦ ਗੋਭੀ ਦੀ ਕਾਸ਼ਤ ਲਈ ਬੀਜ ਦੀ ਮਾਤਰਾ, ਬੀਜਣ ਦਾ ਸਮਾਂ, ਦੂਰੀ ਅਤੇ ਨਦੀਨਾਂ ਦੀ ਰੋਕਥਾਮ ਬਾਰੇ ਲਿਖੋ ।**

- ਬੀਜ ਦੀ ਮਾਤਰਾ : 200 ਤੋਂ 250 ਗਰਾਮ ਪ੍ਰਤੀ ਏਕੜ
  ਬੀਜਣ ਦਾ ਸਮਾਂ : ਸਤੰਬਰ-ਅਕਤੂਬਰ
  ਦੂਰੀ : ਕਤਾਰਾਂ ਅਤੇ ਬੂਟਿਆਂ ਵਿਚਕਾਰ ਦੂਰੀ 45 × 45 ਸੈਂਟੀਮੀਟਰ
  ਨਦੀਨਾਂ ਦੀ ਰੋਕਥਾਮ : ਸਟੌਂਪ 30 ਤਾਕਤ ਇੱਕ ਲੀਟਰ ਨੂੰ 200 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਪਨੀਰੀ ਲਾਉਣ ਤੋਂ ਇੱਕ ਦਿਨ ਪਹਿਲਾਂ ਸਪਰੇਅ ਕਰੋ ।

4. **ਆਲੂ ਦੀਆਂ ਪਿਛੇਤੀਆਂ ਕਿਸਮਾਂ (ਬਹਾਰ ਰੁੱਤ) ਦੀ ਕਾਸ਼ਤ ਲਈ ਬੀਜ ਦੀ ਮਾਤਰਾ, ਉੱਨਤ ਕਿਸਮਾਂ, ਦੂਰੀ ਅਤੇ ਝਾੜ ਬਾਰੇ ਤੁਸੀਂ ਕੀ ਜਾਣਦੇ ਹੋ ?**

- ਬੀਜ ਦੀ ਮਾਤਰਾ : 4-5 ਕੁਇੰਟਲ ਪ੍ਰਤੀ ਏਕੜ
  ਉੱਨਤ ਕਿਸਮਾਂ : ਕੁਫਰੀ ਸੰਧੂਰੀ ਅਤੇ ਕੁਫਰੀ ਬਾਦਸ਼ਾਹ
  ਦੂਰੀ : ਵੱਟਾਂ ਵਿਚਕਾਰ ਦੂਰੀ 60 ਸੈਮੀ. ਅਤੇ ਆਲੂਆਂ ਵਿੱਚ ਦੂਰੀ 20 ਸੈਮੀ. ਰੱਖੋ ।
  ਝਾੜ : 120-130 ਕੁਇੰਟਲ ਪ੍ਰਤੀ ਏਕੜ

5. **ਮੂਲੀ ਦੀਆਂ ਕਿਸੇ ਚਾਰ ਕਿਸਮਾਂ ਦੇ ਨਾਂ, ਬੀਜਾਈ ਦਾ ਸਮਾਂ ਅਤੇ ਮੂਲੀ ਤਿਆਰ ਹੋਣ ਦਾ ਸਮਾਂ ਲਿਖੋ ।**

-

| ਲੜੀ ਨੰ. | ਮੂਲੀ ਦੀ ਕਿਸਮ | ਬੀਜਾਈ ਦਾ ਸਮਾਂ | ਮੂਲੀ ਤਿਆਰ ਹੋਣ ਦਾ ਸਮਾਂ |
|---|---|---|---|
| 1. | ਪੂਸਾ ਹਿਮਾਨੀ | ਜਨਵਰੀ-ਫਰਵਰੀ | ਫਰਵਰੀ-ਅਪ੍ਰੈਲ |
| 2. | ਪੰਜਾਬ ਪਸੰਦ | ਮਾਰਚ ਦਾ ਦੂਜਾ ਪੰਦਰਵਾੜਾ | ਅਖੀਰ ਅਪ੍ਰੈਲ-ਮਈ |
| 3. | ਪੂਸਾ ਚੇਤਕੀ | ਅਪ੍ਰੈਲ-ਅਗਸਤ | ਮਈ-ਸਤੰਬਰ |
| 4. | ਪੰਜਾਬ ਸਫੇਦ ਮੂਲੀ-2 | ਅੱਧ ਸਤੰਬਰ-ਅਕਤੂਬਰ | ਅਕਤੂਬਰ-ਦਸੰਬਰ |
| 5. | ਜਪਾਨੀ ਵਾਈਟ | ਨਵੰਬਰ-ਦਸੰਬਰ | ਦਸੰਬਰ-ਜਨਵਰੀ |

# ਪਾਠ – 5
## ਫ਼ਲਦਾਰ ਬੂਟਿਆਂ ਦੀ ਕਾਸ਼ਤ

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

1. ਪੰਜਾਬ ਦਾ ਕਿਹੜਾ ਜ਼ਿਲ੍ਹਾ ਨੀਮ ਪਹਾੜੀ ਇਲਾਕੇ ਵਿੱਚ ਆਉਂਦਾ ਹੈ ?
   (ੳ) ਰੂਪਨਗਰ (ਅ) ਬਰਨਾਲਾ
   (ੲ) ਫ਼ਰੀਦਕੋਟ (ਸ) ਲੁਧਿਆਣਾ
2. ਜਲਵਾਯੂ ਦੇ ਆਧਾਰ ਤੇ ਬਠਿੰਡਾ ਕਿਹੜੇ ਇਲਾਕੇ ਅਧੀਨ ਆਉਂਦਾ ਹੈ ?
   (ੳ) ਨੀਮ ਪਹਾੜੀ ਇਲਾਕਾ (ਅ) ਕੇਂਦਰੀ ਇਲਾਕਾ
   (ੲ) ਸੇਂਜੂ ਅਤੇ ਖੁਸ਼ਕ ਇਲਾਕਾ (ਸ) ਇਨ੍ਹਾਂ ਵਿੱਚੋਂ ਕੋਈ ਨਹੀਂ
3. ਚੀਕੂ ਦੀ ਕਾਸ਼ਤ ਕਿਹੜੇ ਇਲਾਕੇ ਵਿੱਚ ਕੀਤੀ ਜਾਂਦੀ ਹੈ ?
   (ੳ) ਨੀਮ ਪਹਾੜੀ ਇਲਾਕੇ (ਅ) ਕੇਂਦਰੀ ਇਲਾਕੇ
   (ੲ) ਸੇਂਜੂ ਅਤੇ ਖੁਸ਼ਕ ਇਲਾਕੇ (ਸ) ਇਨ੍ਹਾਂ ਵਿੱਚੋਂ ਕੋਈ ਨਹੀਂ
4. ਅੰਬ ਅਤੇ ਲੀਚੀ ਦੇ ਬਾਗ ਕਿਹੜੇ ਮਹੀਨਿਆਂ ਵਿੱਚ ਲਗਾਉਣੇ ਚਾਹੀਦੇ ਹਨ ?
   (ੳ) ਸਤੰਬਰ-ਅਕਤੂਬਰ (ਅ) ਦਸੰਬਰ-ਜਨਵਰੀ
   (ੲ) ਮਾਰਚ-ਅਪ੍ਰੈਲ (ਸ) ਜੂਨ-ਜੁਲਾਈ
5. ਪੱਤਝੜੀ ਫ਼ਲਦਾਰ ਬੂਟੇ ਕਿਹੜੇ ਮਹੀਨਿਆਂ ਵਿੱਚ ਲਗਾਉਣੇ ਚਾਹੀਦੇ ਹਨ ?
   (ੳ) ਅੱਧ ਜੂਨ ਤੋਂ ਅੱਧ ਜੁਲਾਈ (ਅ) ਅੱਧ ਮਈ ਤੋਂ ਅੱਧ ਜੂਨ
   (ੲ) ਅੱਧ ਸਤੰਬਰ ਤੋਂ ਅੱਧ ਅਕਤੂਬਰ (ਸ) ਅੱਧ ਜਨਵਰੀ ਤੋਂ ਅੱਧ ਫਰਵਰੀ
6. ਬਾਗ਼ ਲਗਾਉਣ ਲਈ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਕਿੰਨੇ ਮੀਟਰ ਤੋਂ ਥੱਲੇ ਹੋਣਾ ਚਾਹੀਦਾ ਹੈ ?
   (ੳ) 3 ਮੀਟਰ (ਅ) 1 ਮੀਟਰ
   (ੲ) 2 ਮੀਟਰ (ਸ) 3 ਫੁੱਟ
7. ਫ਼ਲਦਾਰ ਬੂਟੇ ਲਗਾਉਣ ਲਈ ਟੋਏ ਕਿੰਨੇ ਡੂੰਘੇ ਪੁੱਟੇ ਜਾਂਦੇ ਹਨ ?
   (ੳ) 1 ਮੀਟਰ (ਅ) 1 ਫੁੱਟ
   (ੲ) 1 ਇੰਚ (ਸ) 1 ਸੈਂਟੀਮੀਟਰ
8. ਪੌਦਿਆਂ ਨੂੰ ਸਿਉਂਕ ਤੋਂ ਬਚਾਉਣ ਲਈ ਕਿਹੜੀ ਦਵਾਈ ਵਰਤੀ ਜਾਂਦੀ ਹੈ ?
   (ੳ) ਕੈਪਟਾਨ (ਅ) ਥੀਰਮ
   (ੲ) ਰਾਈਜੋਬੀਅਮ (ਸ) ਕਲੋਰੋਪਾਇਰੀਫਾਸ
9. ਬੱਗੂਗੋਸ਼ਾ ਕਿਹੜੇ ਫ਼ਲ ਦੀ ਉੱਨਤ ਕਿਸਮ ਹੈ ?
   (ੳ) ਅੰਬ (ਅ) ਬੇਰ
   (ੲ) ਨਾਸ਼ਪਾਤੀ (ਸ) ਅਨਾਰ
10. ਅਨਾਰ ਦੀ ਉੱਨਤ ਕਿਸਮ ਕਿਹੜੀ ਹੈ ?
   (ੳ) ਅਰਕਾ ਅਮੁਲਿਆ (ਅ) ਬਲਵੰਤ
   (ੲ) ਕੰਧਾਰੀ (ਸ) ਅਲਫ਼ੈਂਜੋ

**ਉੱਤਰ :** 1. (ੳ) 2. (ੲ) 3. (ੳ) 4. (ੳ) 5. (ਸ)
6. (ੳ) 7. (ੳ) 8. (ਸ) 9. (ੲ) 10. (ੲ)

**ਹੇਠ ਲਿਖੀਆਂ ਖ਼ਾਲੀ ਥਾਵਾਂ ਵਿੱਚ ਬਰੈਕਟ ਵਿੱਚੋਂ ਸਹੀ ਸ਼ਬਦ ਚੁਣ ਕੇ ਭਰੋ :**

1. ................ ਦੀ ਕਾਸ਼ਤ ਸੇਂਜੂ ਅਤੇ ਖੁਸ਼ਕ ਇਲਾਕੇ ਵਿੱਚ ਕੀਤੀ ਜਾਂਦੀ ਹੈ । (ਬੇਰ / ਲੀਚੀ)
2. ਪਟਿਆਲਾ ................ ਇਲਾਕੇ ਅਧੀਨ ਆਉਂਦਾ ਹੈ । (ਨੀਮ ਪਹਾੜੀ / ਕੇਂਦਰੀ)
3. ਜਲਵਾਯੂ ਦੇ ਆਧਾਰ ਤੇ ਪੰਜਾਬ ਨੂੰ ................ ਇਲਾਕਿਆਂ ਵਿੱਚ ਵੰਡਿਆ ਗਿਆ ਹੈ । (ਤਿੰਨ / ਅੱਠ)
4. ਕਲੋਰੋਪਾਇਰੀਫਾਸ ਨਾਲ .......................... ਦੀ ਰੋਕਥਾਮ ਕੀਤੀ ਜਾਂਦੀ ਹੈ । (ਉੱਲੀ / ਸਿਉਂਕ)
5. .................. ਫ਼ਲਦਾਰ ਪੌਦੇ ਅੱਧ ਜਨਵਰੀ ਤੋਂ ਅੱਧ ਫਰਵਰੀ ਤੱਕ ਲਗਾਉਣੇ ਚਾਹੀਦੇ ਹਨ । (ਸਦਾਬਹਾਰ / ਪੱਤਝੜੀ)
6. ਬਾਗ਼ ਲਗਾਉਣ ਲਈ ਜ਼ਮੀਨ ਦੀ ........ ਮੀਟਰ ਡੂੰਘਾਈ ਤੱਕ ਕੋਈ ਸਖ਼ਤ ਤਹਿ ਨਹੀਂ ਹੋਣੀ ਚਾਹੀਦੀ । (ਇੱਕ / ਦੋ)
7. ਫ਼ਲਦਾਰ ਪੌਦਿਆਂ ਨੂੰ ਰੂੜੀ ਦੀ ਖਾਦ ਪਾਉਣ ਦਾ ਸਹੀ ਸਮਾਂ .................. ਦਾ ਮਹੀਨਾ ਹੈ । (ਦਸੰਬਰ / ਜੂਨ)
8. ਕੰਚਨ .................. ਦੀ ਉੱਨਤ ਕਿਸਮ ਹੈ । (ਅਨਾਰ / ਆਂਵਲਾ)
9. ਕ੍ਰਿਕਟ ਬਾਲ .................. ਦੀ ਉੱਨਤ ਕਿਸਮ ਹੈ । (ਚੀਕੂ / ਅਮਰੂਦ)
10. ਪੱਥਰ ਨਾਖ ਨਾਸ਼ਪਾਤੀ ਦੀ ..................... ਕਿਸਮ ਹੈ । (ਸਖਤ / ਨਰਮ)

**ਉੱਤਰ :** 1. ਬੇਰ 2. ਕੇਂਦਰੀ 3. ਤਿੰਨ 4. ਸਿਉਂਕ 5. ਪੱਤਝੜੀ
6. ਦੋ 7. ਦਸੰਬਰ 8. ਆਂਵਲਾ 9. ਚੀਕੂ 10. ਸਖਤ

**ਹੇਠ ਲਿਖੇ ਕਥਨਾਂ ਵਿੱਚੋਂ ਸਹੀ / ਗਲਤ ਚੁਣੋ :**

1. ਅੰਬ ਅਤੇ ਕੇਲੇ ਦੇ ਫ਼ਲਾਂ ਨੂੰ ਤੋੜਨ ਤੋਂ ਬਾਅਦ ਪਕਾਇਆ ਜਾ ਸਕਦਾ ਹੈ ।
2. ਬਠਿੰਡਾ, ਫ਼ਰੀਦਕੋਟ, ਸ੍ਰੀ ਮੁਕਤਸਰ ਸਾਹਿਬ, ਮਾਨਸਾ, ਫ਼ਿਰੋਜ਼ਪੁਰ ਅਤੇ ਫ਼ਾਜ਼ਿਲਕਾ ਪੰਜਾਬ ਦੇ ਸੇਂਜੂ ਅਤੇ ਖੁਸ਼ਕ ਇਲਾਕੇ ਦਾ ਭਾਗ ਹਨ।
3. ਅੰਬ ਅਤੇ ਲੀਚੀ ਨੀਮ ਪਹਾੜੀ ਇਲਾਕੇ ਵਿੱਚ ਉਗਾਏ ਜਾਂਦੇ ਹਨ ।
4. ਆੜੂ ਅਤੇ ਅਲੂਚਾ ਸਦਾਬਹਾਰ ਫ਼ਲਦਾਰ ਪੌਦੇ ਹਨ ।
5. ਨਾਸ਼ਪਾਤੀ ਅਤੇ ਅੰਗੂਰ ਪੱਤਝੜੀ ਫ਼ਲਦਾਰ ਪੌਦੇ ਹਨ ।
6. ਸੇਮ ਵਾਲੀ, ਲੂਣੀ ਜਾਂ ਤੇਜ਼ਾਬੀ ਮਿੱਟੀ ਵਿੱਚ ਫ਼ਲਦਾਰ ਪੌਦੇ ਨਹੀਂ ਲਗਾਉਣੇ ਚਾਹੀਦੇ ।
7. ਫ਼ਲਦਾਰ ਪੌਦੇ ਲਗਾਉਣ ਲਈ 1×1×1 ਫ਼ੁੱਟ ਡੂੰਘੇ ਅਤੇ ਚੌੜੇ ਟੋਏ ਪੁੱਟਣੇ ਚਾਹੀਦੇ ਹਨ ।
8. ਅਲਫ਼ੈਂਜੋ ਅੰਬ ਦੀ ਉੱਨਤ ਕਿਸਮ ਹੈ ।
9. ਅਮਰੂਦ ਦੀ ਪੰਜਾਬ ਪਿੰਕ ਕਿਸਮ ਦੇ ਫ਼ਲ ਦਾ ਗੁੱਦਾ ਅੰਦਰੋਂ ਲਾਲ ਹੁੰਦਾ ਹੈ ।
10. ਆੜੂ ਦੀਆਂ ਉੱਨਤ ਕਿਸਮਾਂ ਉਮਰਾਨ, ਸਨੌਰ-2 ਅਤੇ ਵਲੈਤੀ ਹਨ ।

**ਉੱਤਰ :**

| | | | | | | | | | |
|---|---|---|---|---|---|---|---|---|---|
| 1. | ਸਹੀ | 2. | ਸਹੀ | 3. | ਸਹੀ | 4. | ਗਲਤ | 5. | ਸਹੀ |
| 6. | ਸਹੀ | 7. | ਗਲਤ | 8. | ਸਹੀ | 9. | ਸਹੀ | 10. | ਗਲਤ |

**ਸਹੀ ਮਿਲਾਨ ਕਰੋ :**

| | | | |
|---|---|---|---|
| 1. | ਪੱਤਝੜੀ ਫ਼ਲਦਾਰ ਪੌਦੇ | (i) | ਕਲੋਰੋਪਾਇਰੀਫਾਸ |
| 2. | ਸਿਉਂਕ ਮਾਰਨ ਵਾਲੀ ਦਵਾਈ | (ii) | ਆੜੂ, ਅਲੂਚਾ, ਨਾਸ਼ਪਾਤੀ, ਅੰਗੂਰ |
| 3. | ਨਾਸ਼ਪਾਤੀ ਦੀਆਂ ਸਖਤ ਕਿਸਮਾਂ | (iii) | ਫਰਵਰੀ-ਮਾਰਚ ਅਤੇ ਸਤੰਬਰ-ਅਕਤੂਬਰ |
| 4. | ਰੂੜੀ ਦੀ ਖਾਦ ਪਾਉਣ ਦਾ ਸਹੀ ਮਹੀਨਾ | (iv) | ਪੱਥਰ ਨਾਖ ਅਤੇ ਪੰਜਾਬ ਨਾਖ |
| 5. | ਸਦਾਬਹਾਰ ਫ਼ਲਦਾਰ ਪੌਦੇ ਲਗਾਉਣ ਦਾ ਸਹੀ ਸਮਾਂ | (v) | ਦਸੰਬਰ ਮਹੀਨਾ |

**ਉੱਤਰ :** 1. (ii) 2. (i) 3. (iv) 4. (v) 5. (iii)

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਇੱਕ-ਦੋ ਵਾਕਾਂ ਵਿੱਚ ਦਿਓ :**

1. **ਪੰਜਾਬ ਦੇ ਸੇਂਜੂ ਅਤੇ ਖੁਸ਼ਕ ਇਲਾਕਿਆਂ ਦੇ ਨਾਂ ਲਿਖੋ ।**
- ਬਠਿੰਡਾ, ਫਰੀਦਕੋਟ, ਸ੍ਰੀ ਮੁਕਤਸਰ ਸਾਹਿਬ, ਮਾਨਸਾ, ਫਿਰੋਜ਼ਪੁਰ ਅਤੇ ਫਾਜ਼ਿਲਕਾ ਪੰਜਾਬ ਦੇ ਸੇਂਜੂ ਅਤੇ ਖੁਸ਼ਕ ਇਲਾਕੇ ਵਿੱਚ ਆਉਂਦੇ ਹਨ ।
2. **ਪੰਜਾਬ ਦੇ ਕੇਂਦਰੀ ਇਲਾਕਿਆਂ ਵਿੱਚ ਕਿਹੜੇ-ਕਿਹੜੇ ਫ਼ਲਾਂ ਦੀ ਕਾਸ਼ਤ ਕੀਤੀ ਜਾਂਦੀ ਹੈ ?**
- ਪੰਜਾਬ ਦੇ ਕੇਂਦਰੀ ਇਲਾਕਿਆਂ ਵਿੱਚ ਨਾਸ਼ਪਾਤੀ, ਅਮਰੂਦ, ਅੰਗੂਰ, ਆੜੂ, ਅੰਬ, ਕਿਨੂੰ ਅਤੇ ਹੋਰ ਸੰਗਤਰੇ ਅਤੇ ਨਿੰਬੂ ਆਦਿ ਫ਼ਲ ਉਗਾਏ ਜਾਂਦੇ ਹਨ ।
3. **ਸਦਾਬਹਾਰ ਫ਼ਲਦਾਰ ਪੌਦਿਆਂ ਦੇ ਨਾਂ ਲਿਖੋ ।**
- ਅੰਬ, ਲੀਚੀ, ਲੁਕਾਠ, ਕਿੰਨੂ ਅਤੇ ਹੋਰ ਸੰਗਤਰੇ, ਮਾਲਟਾ, ਨਿੰਬੂ, ਚੀਕੂ ਆਦਿ ਸਦਾਬਹਾਰ ਫ਼ਲਦਾਰ ਪੌਦੇ ਹਨ । ਇਹ ਸਾਰਾ ਸਾਲ ਹਰੇ ਰਹਿੰਦੇ ਹਨ ।
4. **ਸਦਾਬਹਾਰ ਫ਼ਲਦਾਰ ਪੌਦਿਆਂ ਨੂੰ ਲਗਾਉਣ ਦਾ ਸਹੀ ਸਮਾਂ ਕੀ ਹੈ ?**
- ਸਦਾਬਹਾਰ ਫ਼ਲਦਾਰ ਬੂਟੇ ਲਗਾਉਣ ਦਾ ਸਹੀ ਸਮਾਂ ਫਰਵਰੀ-ਮਾਰਚ ਅਤੇ ਸਤੰਬਰ-ਅਕਤੂਬਰ ਦਾ ਮਹੀਨਾ ਹੈ । ਅੰਬ ਅਤੇ ਲੀਚੀ ਦੇ ਬਾਗ਼ ਸਤੰਬਰ-ਅਕਤੂਬਰ ਵਿੱਚ ਹੀ ਲਗਾਉਣੇ ਚਾਹੀਦੇ ਹਨ ?
5. **ਪੱਤਝੜੀ ਫ਼ਲਦਾਰ ਪੌਦਿਆਂ ਦੇ ਨਾਂ ਲਿਖੋ ।**
- ਨਾਸ਼ਪਾਤੀ, ਅੰਗੂਰ, ਆੜੂ, ਅਲੂਚਾ ਆਦਿ ਪੱਤਝੜੀ ਫ਼ਲਦਾਰ ਬੂਟੇ ਹਨ । ਇਸ ਸਰਦੀਆਂ ਵਿੱਚ ਆਪਣੇ ਪੱਤੇ ਝਾੜ ਦਿੰਦੇ ਹਨ ।
6. **ਫ਼ਲਦਾਰ ਬੂਟੇ ਲਗਾਉਣ ਲਈ ਕਿਸ ਤਰ੍ਹਾਂ ਦੀ ਜ਼ਮੀਨ ਲੋੜੀਂਦੀ ਹੈ ?**
- ਫ਼ਲਦਾਰ ਪੌਦੇ ਲਗਾਉਣ ਲਈ ਮਿੱਟੀ ਡੂੰਘੀ, ਚੰਗੇ ਜਲ ਨਿਕਾਸ ਵਾਲੀ, ਭੱਲ ਵਾਲੀ ਅਤੇ ਉਪਜਾਊ ਹੋਣੀ ਚਾਹੀਦੀ ਹੈ । ਮਿੱਟੀ ਦੀ ਦੋ ਮੀਟਰ ਡੂੰਘਾਈ ਤੱਕ ਕੋਈ ਸਖਤ ਤਹਿ ਨਹੀਂ ਹੋਣੀ ਚਾਹੀਦੀ । ਸੇਮ ਵਾਲੀ, ਲੂਣੀ ਜਾਂ ਤੇਜ਼ਾਬੀ ਮਿੱਟੀ ਵਿੱਚ ਬਾਗ਼ ਨਹੀ ਲਗਾਉਣੇ ਚਾਹੀਦੇ।
7. **ਬਾਗ਼ ਲਗਾਉਣ ਸਮੇਂ ਬੂਟਿਆਂ ਨੂੰ ਸਿਉਂਕ ਤੋਂ ਬਚਾਉਣ ਲਈ ਕੀ ਕਰਨਾ ਚਾਹੀਦਾ ਹੈ ।**
- ਫ਼ਲਦਾਰ ਪੌਦਿਆਂ ਨੂੰ ਸਿਉਂਕ ਤੋਂ ਬਚਾਉਣ ਲਈ 30 ਗਰਾਮ ਲਿੰਡੇਨ ਜਾਂ 15 ਮਿਲੀਲੀਟਰ ਕਲੋਰੋਪਾਇਰੀਫਾਸ 20 ਤਾਕਤ ਨੂੰ 2.5 ਕਿਲੋ ਮਿੱਟੀ ਵਿੱਚ ਰਲਾ ਕੇ ਪ੍ਰਤੀ ਟੋਏ ਦੇ ਹਿਸਾਬ ਨਾਲ ਪਾਉਣੀ ਚਾਹੀਦੀ ਹੈ ।
8. **ਪੱਤਝੜੀ ਫ਼ਲਦਾਰ ਪੌਦੇ ਕਦੋਂ ਲਗਾਉਣੇ ਚਾਹੀਦੇ ਹਨ ?**
- ਪੱਤਝੜੀ ਫ਼ਲਦਾਰ ਪੌਦੇ ਸਥਿੱਲ ਅਵਸਥਾ ਵਿੱਚ ਨਵੀਂ ਫੋਟ ਆਉਣ ਤੋਂ ਪਹਿਲਾਂ ਅੱਧ ਜਨਵਰੀ (ਆੜੂ, ਅਲੂਚਾ) ਤੋਂ ਅੱਧ ਫਰਵਰੀ (ਨਾਸ਼ਪਾਤੀ, ਅੰਗੂਰ ਤੱਕ ਲਗਾਉਣੇ ਚਾਹੀਦੇ ਹਨ ।
9. **ਨਾਸ਼ਪਾਤੀ ਦੀਆਂ ਉੱਨਤ ਕਿਸਮਾਂ ਦੇ ਨਾਂ ਲਿਖੋ ।**

- ਨਾਸ਼ਪਾਤੀ ਦੀਆਂ ਸਖਤ ਕਿਸਮਾਂ ਪੰਜਾਬ ਨਾਖ ਅਤੇ ਪੱਥਰ ਨਾਖ, ਅਰਧ ਨਰਮ ਕਿਸਮਾਂ ਪੰਜਾਬ ਨੈਕਟਰ, ਪੰਜਾਬ ਗੋਲਡ, ਬੱਗੂਗੋਸ਼ਾ ਅਤੇ ਲਿਕੋਂਟ, ਨਰਮ ਕਿਸਮ ਪੰਜਾਬ ਸੌਫਟ ਹੈ ।

10. **ਫ਼ਲਦਾਰ ਪੌਦਿਆਂ ਦੀ ਸਹੀ ਕਾਂਟ-ਛਾਂਟ ਕਰਨ ਦੇ ਕੀ ਲਾਭ ਹੁੰਦੇ ਹਨ ?**

- ਸਹੀ ਕਾਂਟ-ਛਾਂਟ ਕਰਨ ਨਾਲ ਬੂਟਿਆਂ ਦਾ ਸਹੀ ਆਕਾਰ ਅਤੇ ਢਾਂਚਾ ਬਣ ਜਾਂਦਾ ਹੈ । ਇਸ ਨਾਲ ਪੌਦਿਆਂ ਵਿੱਚ ਰੌਸ਼ਨੀ ਅਤੇ ਹਵਾ ਦਾ ਨਿਕਾਸ ਵੱਧ ਜਾਂਦਾ ਹੈ । ਇਸ ਨਾਲ ਫ਼ਲ ਦੀ ਕੁਆਲਟੀ ਵਧੀਆ ਬਣ ਜਾਂਦੀ ਹੈ ਅਤੇ ਪੌਦਾ ਲੰਬੇ ਸਮੇਂ ਤੱਕ ਫ਼ਲ ਦਿੰਦਾ ਹੈ ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਤਿੰਨ-ਚਾਰ ਵਾਕਾਂ ਵਿੱਚ ਦਿਓ :**

1. **ਨਿੰਬੂ, ਬੇਰ, ਆੜੂ ਅਤੇ ਅੰਗੂਰ ਦੀਆਂ ਦੋ-ਦੋ ਉੱਨਤ ਕਿਸਮਾਂ ਦੇ ਨਾਂ ਲਿਖੋ ।**

- (i) ਨਿੰਬੂ : ਕਾਗਜ਼ੀ, ਬਾਰਾਂਮਾਸੀ ਨਿੰਬੂ, ਗਲਗਲ
  (ii) ਬੇਰ : ਉਮਰਾਨ, ਸਨੌਰ-2, ਵਲੈਤੀ, ਕੈਥਲੀ
  (iii) ਆੜੂ : ਫ਼ਲੋਰਿਡਾ ਪਰਿੰਸ, ਅਰਲੀ ਗ੍ਰੈਂਡ, ਪਰਤਾਪ, ਸ਼ਾਨੇ ਪੰਜਾਬ, ਪਰਭਾਤ
  (iv) ਅੰਗੂਰ : ਸ਼ਵੇਤਾ, ਪਰਲਿਟ, ਬਿਊਟੀ ਸੀਡਲੈਸ, ਫ਼ਲੇਮ ਸੀਡਲੈਸ, ਪੰਜਾਬ ਪਰਪਲ ।

2. **ਨਰਸਰੀ ਤੋਂ ਫ਼ਲਦਾਰ ਪੌਦੇ ਖਰੀਦਦੇ ਸਮੇਂ ਧਿਆਨ ਰੱਖਣ ਯੋਗ ਕੋਈ ਚਾਰ ਮੁੱਖ ਗੱਲਾਂ ਲਿਖੋ ।**

- (i) ਪੌਦੇ ਪੀ. ਏ. ਯੂ. ਲੁਧਿਆਣਾ, ਬਾਗ਼ਬਾਨੀ ਵਿਭਾਗ, ਸਰਕਾਰੀ ਮਨਜ਼ੂਰਸ਼ੁਦਾ ਭਰੋਸੇਯੋਗ ਨਰਸਰੀ ਤੋਂ ਹੀ ਖਰੀਦਣੇ ਚਾਹੀਦੇ ਹਨ ।
  (ii) ਪੌਦੇ ਚੰਗੀ ਕਿਸਮ ਦੇ ਕੀੜਿਆਂ ਅਤੇ ਬੀਮਾਰੀਆਂ ਤੋਂ ਰਹਿਤ ਹੋਣੇ ਚਾਹੀਦੇ ਹਨ ।
  (iii) ਬੂਟੇ ਸਿਹਤਮੰਦ ਅਤੇ ਦਰਮਿਆਨੀ ਉਚਾਈ ਦੇ ਹੋਣੇ ਚਾਹੀਦੇ ਹਨ ।
  (iv) ਪਿਉਂਦੀ ਬੂਟਿਆਂ ਦੀ ਪਿਉਂਦ ਮੁੱਢਲੇ ਪੌਦੇ ਤੇ ਕੀਤੀ ਗਈ ਹੋਵੇ ਅਤੇ ਇਸ ਦਾ ਜੋੜ ਪੱਧਰਾ ਹੋਣਾ ਚਾਹੀਦਾ ਹੈ ।
  (v) ਸਦਾਬਹਾਰ ਬੂਟਿਆਂ ਦੀਆਂ ਜੜ੍ਹਾਂ ਨਾਲ ਮਿੱਟੀ ਕਾਫੀ ਮਾਤਰਾ ਵਿੱਚ ਲੱਗੀ ਹੋਣੀ ਚਾਹੀਦੀ ਹੈ ।
  (vi) 10 ਪ੍ਰਤੀਸ਼ਤ ਬੂਟੇ ਵੱਧ ਖਰੀਦੋ ਤਾਂ ਕਿ ਇਨ੍ਹਾਂ ਨੂੰ ਖ਼ਰਾਬ ਹੋਣ ਵਾਲੇ ਬੂਟਿਆਂ ਦੀ ਜਗ੍ਹਾ ਤੇ ਲਾਇਆ ਜਾ ਸਕੇ ।

3. **ਫ਼ਲਾਂ ਦੀ ਤੁੜਾਈ ਕਰਦੇ ਸਮੇਂ ਕਿਹੜੀਆਂ-ਕਿਹੜੀਆਂ ਚਾਰ ਮੁੱਖ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ?**

- (i) ਫ਼ਲਾਂ ਨੂੰ ਸਹੀ ਸਮੇਂ ਤੇ ਤੋੜਨਾ ਚਾਹੀਦਾ ਹੈ ।
  (ii) ਫ਼ਲਾਂ ਨੂੰ ਕਦੇ ਵੀ ਖਿੱਚ ਕੇ ਨਹੀਂ ਤੋੜਨਾ ਚਾਹੀਦਾ ।
  (iii) ਫ਼ਲਾਂ ਨੂੰ ਕੈਂਚੀ, ਚਾਕੂ ਜਾਂ ਕਲਿੱਪਰ ਦੀ ਸਹਾਇਤਾ ਨਾਲ ਤੋੜਨਾ ਚਾਹੀਦਾ ਹੈ ।
  (iv) ਫ਼ਲਾਂ ਨੂੰ ਤੋੜਨ ਵਾਲੇ ਔਜ਼ਾਰਾਂ ਦੀ ਧਾਰ ਤਿੱਖੀ ਹੋਣੀ ਚਾਹੀਦੀ ਹੈ ਅਤੇ ਇਨ੍ਹਾਂ ਨੂੰ ਜੰਗਾਲ ਨਹੀਂ ਲੱਗੀ ਹੋਣੀ ਚਾਹੀਦੀ ।
  (v) ਕੱਚੇ, ਵੱਧ ਪੱਕੇ, ਛੋਟੇ, ਬਦਸ਼ਕਲ, ਗਲੇ-ਸੜੇ ਅਤੇ ਦਾਗ਼ੀ ਫ਼ਲਾਂ ਨੂੰ ਡੱਬਾਬੰਦ ਨਹੀਂ ਕਰਨਾ ਚਾਹੀਦਾ ।
  (vi) ਫ਼ਲਾਂ ਨੂੰ ਰੰਗ, ਅਕਾਰ ਅਤੇ ਸ਼ਕਲ ਦੇ ਅਧਾਰ ਤੇ ਵੱਖ-ਵੱਖ ਵਰਗਾਂ ਵਿੱਚ ਦਰਜਾਬੰਦੀ ਕਰਨੀ ਚਾਹੀਦੀ ਹੈ ।

4. **ਬਾਗ਼ ਲਗਾਉਣ ਦੇ ਫਿੱਲਰ ਢੰਗ ਬਾਰੇ ਤੁਸੀਂ ਕੀ ਜਾਣਦੇ ਹੋ ?**

- ਕੁਝ ਫ਼ਲਦਾਰ ਬੂਟੇ ਜਿਵੇਂ ਅੰਬ, ਲੀਚੀ, ਨਾਸ਼ਪਾਤੀ ਕਾਫੀ ਲੰਬੇ ਸਮੇਂ ਤੋਂ ਬਾਅਦ ਫ਼ਲ ਦੇਣਾ ਸ਼ੁਰੂ ਕਰਦੇ ਹਨ । ਇਨ੍ਹਾਂ ਦੇ ਬਾਗ਼ਾਂ ਵਿੱਚ ਚਾਰ ਬੂਟਿਆਂ ਦੇ ਵਿਚਕਾਰ ਕੁੱਝ ਅਸਥਾਈ ਫ਼ਲਦਾਰ ਪੌਦੇ ਜਿਵੇਂ ਕੇਲਾ, ਪਪੀਤਾ ਆਦਿ, ਜੋ ਜਲਦੀ ਫ਼ਲ ਦੇਣਾ ਸ਼ੁਰੂ ਕਰ ਦਿੰਦੇ ਹਨ, ਲਗਾ ਦਿੱਤੇ ਜਾਂਦੇ ਹਨ । ਜਦੋਂ ਮੁੱਖ ਫ਼ਲਦਾਰ ਪੌਦੇ ਫ਼ਲ ਦੇਣਾ ਸ਼ੁਰੂ ਕਰ ਦਿੰਦੇ ਹਨ ਤਾਂ ਅਸਥਾਈ ਪੌਦਿਆਂ ਨੂੰ ਪੁੱਟ ਦਿੱਤਾ ਜਾਂਦਾ ਹੈ ।

5. **ਬਾਗ਼ਾਂ ਵਿੱਚ ਖਾਦਾਂ ਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ ?**

- ਫ਼ਲਦਾਰ ਪੌਦੇ ਫਰਵਰੀ ਤੋਂ ਅਪ੍ਰੈਲ ਮਹੀਨੇ ਵਿੱਚ ਜ਼ਿਆਦਾ ਵੱਧਦੇ ਹਨ । ਇਨ੍ਹਾਂ ਨੂੰ ਰੂੜੀ ਦੀ ਖਾਦ ਦਸੰਬਰ ਮਹੀਨੇ ਵਿੱਚ ਪਾਈ ਜਾਂਦੀ ਹੈ। ਅੱਧੀ ਨਾਈਟਰੋਜਨੀ ਖਾਦ ਫੁਟਾਰਾ ਆਉਣ ਤੋਂ ਪਹਿਲਾਂ ਅਤੇ ਬਾਕੀ ਨਾਈਟਰੋਜਨੀ ਖਾਦ ਫ਼ਲ ਲੱਗਣ ਤੋਂ ਬਾਅਦ ਪਾਉਣੀ ਚਾਹੀਦੀ ਹੈ । ਫਾਸਫੋਰਸ ਖਾਦ ਨਾਈਟਰੋਜਨ ਦੇ ਪਹਿਲੇ ਹਿੱਸੇ ਨਾਲ ਪਾਉਣੀ ਚਾਹੀਦੀ ਹੈ । ਪੋਟਾਸ਼ ਖਾਦ ਫ਼ਲ ਪੱਕਣ ਤੋਂ 4-5 ਮਹੀਨੇ ਪਹਿਲਾਂ ਪਾਉਣ ਨਾਲ ਫ਼ਲਾਂ ਦੀ ਕੁਆਲਟੀ ਵਧੀਆ ਬਣਦੀ ਹੈ । ਸੂਖਮ ਖੁਰਾਕੀ ਤੱਤਾਂ ਜਿਵੇਂ ਜ਼ਿੰਕ, ਲੋਹਾ, ਮੈਂਗਨੀਜ਼ ਆਦਿ ਦਾ ਛਿੜਕਾਅ ਘਾਟ ਆਉਣ ਤੇ ਹੀ ਕਰਨਾ ਚਾਹੀਦਾ ਹੈ ।

# ਪਾਠ - 6
# ਖੇਤੀ ਜੰਗਲਾਤ

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

1. ਰਾਸ਼ਟਰੀ ਵਣ ਨੀਤੀ, 1988 ਅਨੁਸਾਰ ਜੰਗਲਾਂ ਹੇਠ ਲਗਭਗ ਕਿੰਨਾ ਰਕਬਾ ਹੋਣਾ ਚਾਹੀਦਾ ਹੈ ?
   (ੳ) 20% (ਅ) 2%
   (ੲ) 12% (ਸ) 6.49%
2. ਪੰਜਾਬ ਵਿੱਚ ਹੁਣ ਵਣਾਂ ਅਤੇ ਰੁੱਖਾਂ ਹੇਠ ਕਿੰਨਾ ਰਕਬਾ ਰਹਿ ਗਿਆ ਹੈ ?
   (ੳ) 49.6% (ਅ) 96.4%
   (ੲ) 6.49% (ਸ) 46.9%
3. ਪੰਜਾਬ ਦੇ ਕਿਹੜੇ ਇਲਾਕੇ ਵਿੱਚ ਜ਼ਮੀਨਾਂ ਉੱਚੀਆਂ-ਨੀਵੀਆਂ ਹੋਣ ਕਾਰਨ ਭੂਮੀ ਖੋਰ ਦੀ ਸਮੱਸਿਆ ਕਾਫੀ ਜ਼ਿਆਦਾ ਹੈ ?
   (ੳ) ਕੇਂਦਰੀ ਮੈਦਾਨੀ ਇਲਾਕਾ (ਅ) ਕੰਢੀ ਇਲਾਕਾ
   (ੲ) ਦੱਖਣ-ਪੱਛਮੀ ਜੋਨ (ਸ) ਉਪਰੋਕਤ ਸਾਰੇ
4. ਪੰਜਾਬ ਵਿੱਚ ਵਪਾਰਕ ਪੱਧਰ ਤੇ ਕਿਹੜੇ ਰੁੱਖਾਂ ਦੀ ਕਾਸ਼ਤ ਕੀਤੀ ਜਾਂਦੀ ਹੈ ?
   (ੳ) ਸਫੈਦਾ ਅਤੇ ਪਾਪਲਰ (ਅ) ਪਿੱਪਲ ਅਤੇ ਬੋਹੜ
   (ੲ) ਜੰਡ ਅਤੇ ਕਿੱਕਰ (ਸ) ਸੁਖਚੈਨ ਅਤੇ ਸਾਗਵਾਨ
5. ਪੰਜਾਬ ਦੇ ਕਿਹੜੇ ਇਲਾਕੇ ਵਿੱਚ ਧਰਤੀ ਹੇਠਲਾ ਪਾਣੀ ਖਾਰਾ ਹੋਣ ਕਾਰਨ ਮਿੱਟੀ ਦੀ ਉੱਪਰਲੀ ਤਹਿ ਵਿੱਚ ਖਾਰਾਪਣ ਪਾਇਆ ਜਾਂਦਾ ਹੈ ?
   (ੳ) ਕੇਂਦਰੀ ਮੈਦਾਨੀ ਇਲਾਕਾ (ਅ) ਕੰਢੀ ਇਲਾਕਾ
   (ੲ) ਦੱਖਣ-ਪੱਛਮੀ ਜੋਨ (ਸ) ਉਪਰੋਕਤ ਸਾਰੇ
6. ਪਾਪਲਰ ਦੇ ਬੂਟੇ ਲਗਾਉਣ ਲਈ ਟੋਏ ਕਿੰਨੇ ਡੂੰਘੇ ਪੁੱਟੇ ਜਾਂਦੇ ਹਨ ?
   (ੳ) 3 ਇੰਚ (ਅ) 3 ਫੁੱਟ
   (ੲ) 3 ਮੀਟਰ (ਸ) 3 ਸੈਂਟੀਮੀਟਰ
7. ਪਾਪਲਰ ਦੇ ਦਰਖ਼ਤ ਕਿੰਨੇ ਸਮੇਂ ਵਿੱਚ ਤਿਆਰ ਹੋ ਜਾਂਦੇ ਹਨ ?
   (ੳ) 5 ਤੋਂ 7 ਸਾਲ (ਅ) 5 ਤੋਂ 7 ਮਹੀਨੇ
   (ੲ) 5 ਤੋਂ 7 ਹਫ਼ਤੇ (ਸ) 5 ਤੋਂ 7 ਦਿਨ
8. ਪਾਪਲਰ ਦੇ ਬੂਟੇ ਲਾਉਣ ਦਾ ਸਹੀ ਸਮਾਂ ਕੀ ਹੈ ?
   (ੳ) ਜਨਵਰੀ-ਫਰਵਰੀ (ਅ) ਜੂਨ-ਜੁਲਾਈ
   (ੲ) ਅਕਤੂਬਰ-ਨਵੰਬਰ (ਸ) ਮਾਰਚ-ਅਪ੍ਰੈਲ
9. ਇੱਕ ਏਕੜ ਵਿੱਚ ਸਾਰੇ ਖੇਤ ਵਿੱਚ ਪਾਪਲਰ ਦੇ ਲਗਭਗ ਕਿੰਨੇ ਪੌਦੇ ਲਗਾਏ ਜਾ ਸਕਦੇ ਹਨ ?
   (ੳ) 20 (ਅ) 500
   (ੲ) 200 (ਸ) 50
10. PL-1 ਅਤੇ PL-2 ਕਿਹੜੇ ਰੁੱਖ ਦੀਆਂ ਉੱਨਤ ਕਿਸਮਾਂ ਹਨ ?
   (ੳ) ਪਾਪਲਰ (ਅ) ਸਫੈਦਾ
   (ੲ) ਕਚਨਾਰ (ਸ) ਸੁਬਾਬੂਲ

**ਉੱਤਰ :** 1. (ੳ) 2. (ੲ) 3. (ਅ) 4. (ੳ) 5. (ੲ)
6. (ਅ) 7. (ੳ) 8. (ੳ) 9. (ੲ) 10. (ੳ)

**ਹੇਠ ਲਿਖੀਆਂ ਖ਼ਾਲੀ ਥਾਵਾਂ ਵਿੱਚ ਬਰੈਕਟ ਵਿੱਚੋਂ ਸਹੀ ਸ਼ਬਦ ਚੁਣ ਕੇ ਭਰੋ :**

1. ਵਣ ਖੇਤੀ ਵਿੱਚ ..................... ਅਤੇ ਫ਼ਸਲਾਂ ਇਕੱਠੇ ਉਗਾਏ ਜਾਂਦੇ ਹਨ । (ਰੁੱਖ / ਫੁੱਲ)
2. ਬੇਰੀ, ਸੁਬਾਬੂਲ, ਕਚਨਾਰ ਦੇ ਪੱਤਿਆਂ ਅਤੇ ਟਹਿਣੀਆਂ ਦੀ ਵਰਤੋਂ ............ ਵਜੋਂ ਕੀਤੀ ਜਾਂਦੀ ਹੈ । (ਚਾਰੇ / ਅਨਾਜ)
3. ਜਲਵਾਯੂ ਦੇ ਆਧਾਰ ਤੇ ਪੰਜਾਬ ਨੂੰ ................ ਖੇਤਰਾਂ ਵਿੱਚ ਵੰਡਿਆ ਗਿਆ ਹੈ । (ਤਿੰਨ / ਅੱਠ)
4. ਕਲੋਰੋਪਾਇਰੀਫਾਸ ਨਾਲ ......................... ਦੀ ਰੋਕਥਾਮ ਕੀਤੀ ਜਾਂਦੀ ਹੈ । (ਉੱਲੀ / ਸਿਉਂਕ)
5. ਬਾਗ਼ਾਂ ਦੇ ਦੁਆਲੇ ..................... ਦੀ ਵਾੜ ਕੀਤੀ ਜਾਂਦੀ ਹੈ । (ਕਰੌਂਦਾ / ਕਚਨਾਰ)
6. ਪਾਪਲਰ ਦੇ ਪੌਦੇ ...................... ਮਹੀਨੇ ਵਿੱਚ ਲਗਾਏ ਜਾਂਦੇ ਹਨ । (ਜਨਵਰੀ / ਜੂਨ)
7. ਪਾਪਲਰ .................. ਰੁੱਖ ਹੈ । (ਪੱਤਝੜੀ / ਸਦਾਬਹਾਰ)
8. ਵਣ ਖੇਤੀ ਵਿੱਚ ...................... ਤੋਂ ਤਿਆਰ ਕੀਤੇ ਕਲੋਨਲ ਸਫ਼ੈਦੇ ਲਗਾਉਣੇ ਚਾਹੀਦੇ ਹਨ । (ਬੀਜ / ਕਲਮਾਂ)
9. ਦੱਖਣ-ਪੱਛਮੀ ਜ਼ੋਨ ਵਿੱਚ ਧਰਤੀ ਹੇਠਲਾ ਪਾਣੀ ................ ਹੈ । (ਖਾਰਾ / ਮਿੱਠਾ)
10. ਪਾਪਲਰ ਦੇ ਦਰਖ਼ਤ ਬੰਨਿਆਂ ਉੱਤੇ ................. ਮੀਟਰ ਦੂਰ ਲਗਾਏ ਜਾਂਦੇ ਹਨ । (3 / 8)

**ਉੱਤਰ :** 1. ਰੁੱਖ 2. ਚਾਰੇ 3. ਤਿੰਨ 4. ਸਿਉਂਕ 5. ਕਰੌਂਦਾ
6. ਜਨਵਰੀ 7. ਪੱਤਝੜੀ 8. ਕਲਮਾਂ 9. ਖਾਰਾ 10. 3

**ਹੇਠ ਲਿਖੇ ਕਥਨਾਂ ਵਿੱਚੋਂ ਸਹੀ / ਗਲਤ ਚੁਣੋ :**

1. ਵਣ ਖੇਤੀ ਵਿੱਚ ਪੌਦਿਆਂ ਨੂੰ ਉੱਤਰ-ਦੱਖਣ ਦਿਸ਼ਾ ਵਿੱਚ ਲਗਾਉਣਾ ਚਾਹੀਦਾ ਹੈ ।
2. ਵਣ ਖੇਤੀ ਵਿੱਚ ਕੁਦਰਤੀ ਸੋਮਿਆਂ ਦੀ ਸੰਭਾਲ ਨਹੀਂ ਹੁੰਦੀ ਹੈ ।
3. ਪੰਜਾਬ ਵਿੱਚ ਵਣਾਂ ਹੇਠ ਰਕਬਾ ਘੱਟਦਾ ਜਾ ਰਿਹਾ ਹੈ ।
4. ਵਣ ਖੇਤੀ ਵਿੱਚ ਰੁੱਖ ਅਤੇ ਫ਼ਸਲਾਂ ਇਕੱਠੇ ਨਹੀਂ ਉਗਾਏ ਜਾਂਦੇ ਹਨ ।
5. ਸਾਰੇ ਖੇਤ ਵਿੱਚ ਲਗਾਉਣ ਲਈ ਪਾਪਲਰ, ਸਫੈਦਾ, ਧਰੇਕ ਅਤੇ ਤੁਣ ਚੰਗੇ ਰੁੱਖ ਹਨ ।
6. ਬਾਗ਼ਾਂ ਨੂੰ ਬਚਾਉਣ ਲਈ ਬਾਗ਼ਾਂ ਦੁਆਲੇ ਜੈਟਰੋਫਾ, ਕਰੌਂਦਾ ਅਤੇ ਇਪੋਮੀਆ ਦੀ ਵਾੜ ਕੀਤੀ ਜਾਂਦੀ ਹੈ ।
7. ਕੱਲਰ ਅਤੇ ਸੇਮ ਵਾਲੇ ਇਲਾਕਿਆਂ ਵਿੱਚ ਪਾਪਲਰ ਦੀ ਕਾਸ਼ਤ ਕੀਤੀ ਜਾਂਦੀ ਹੈ ।
8. ਪਾਪਲਰ ਦੇ ਬੂਟੇ ਨੂੰ ਪਹਿਲੇ ਸਾਲ ਕਿਸੇ ਕਾਂਟ-ਛਾਂਟ ਦੀ ਲੋੜ ਨਹੀਂ ਹੁੰਦੀ ।
9. ਪਾਪਲਰ ਦੇ ਦਰਖ਼ਤ 25 ਤੋਂ 30 ਸਾਲਾਂ ਵਿੱਚ ਤਿਆਰ ਹੁੰਦੇ ਹਨ ।
10. ਕਲੋਨਲ ਸਫੈਦੇ ਇਕਸਾਰ ਵਧਦੇ ਹਨ ।

**ਉੱਤਰ** :

| | | | | | | | | | |
|---|---|---|---|---|---|---|---|---|---|
| 1. | ਸਹੀ | 2. | ਗਲਤ | 3. | ਸਹੀ | 4. | ਗਲਤ | 5. | ਸਹੀ |
| 6. | ਸਹੀ | 7. | ਗਲਤ | 8. | ਸਹੀ | 9. | ਗਲਤ | 10. | ਸਹੀ |

**ਸਹੀ ਮਿਲਾਨ ਕਰੋ :**

| | | | |
|---|---|---|---|
| 1. | ਰੁੱਖ ਅਤੇ ਫ਼ਸਲਾਂ ਇਕੱਠੇ ਉਗਾਉਣਾ | (i) | 13 ਤੋਂ 15 ਸਾਲ |
| 2. | ਇਮਾਰਤੀ ਲੱਕੜ ਲਈ ਸਫੈਦੇ ਦੀ ਕਟਾਈ ਦਾ ਸਮਾਂ | (ii) | ਪੱਤਝੜੀ ਰੁੱਖ |
| 3. | ਵਣ ਖੇਤੀ ਲਈ ਦਰਖ਼ਤਾਂ ਦੀ ਕਤਾਰਾਂ ਦੀ ਦਿਸ਼ਾ | (iii) | ਵਣ ਖੇਤੀ ਕਰਨਾ |
| 4. | ਕਲਮਾਂ ਤੋਂ ਤਿਆਰ ਕੀਤੇ ਸਫੈਦੇ | (iv) | ਉੱਤਰ-ਦੱਖਣ |
| 5. | ਪੱਤੇ ਝਾੜਨ ਵਾਲੇ ਰੁੱਖ | (v) | ਕਲੋਨਲ ਸਫੈਦੇ |

**ਉੱਤਰ** : 1. (iii) 2. (i) 3. (iv) 4. (v) 5. (ii)

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਇੱਕ-ਦੋ ਵਾਕਾਂ ਵਿੱਚ ਦਿਓ :**

1. **ਵਣ ਖੇਤੀ ਤੋਂ ਤੁਸੀਂ ਕੀ ਸਮਝਦੇ ਹੋ ?**
- ਵਣ ਖੇਤੀ ਵਿੱਚ ਇੱਕੋ ਖੇਤ ਵਿੱਚ ਰੁੱਖ ਅਤੇ ਫ਼ਸਲਾਂ ਇਕੱਠੇ ਉਗਾਏ ਜਾਂਦੇ ਹਨ । ਉੱਥੇ ਪਸ਼ੂ ਵੀ ਪਾਲੇ ਜਾ ਸਕਦੇ ਹਨ ।

2. **ਵਣ ਖੇਤੀ ਦਾ ਮੰਤਵ ਕੀ ਹੈ ?**
- ਵਣ ਖੇਤੀ ਦਾ ਮੰਤਵ ਕਿਸਾਨ ਦੀਆਂ ਅਨਾਜ, ਲੱਕੜ, ਬਾਲਣ ਅਤੇ ਚਾਰੇ ਆਦਿ ਦੀਆਂ ਜ਼ਰੂਰਤਾਂ ਪੂਰੀਆਂ ਕਰਨਾ ਅਤੇ ਹਵਾ, ਪਾਣੀ ਅਤੇ ਮਿੱਟੀ ਵਰਗੇ ਕੁਦਰਤੀ ਸੋਮਿਆਂ ਦੀ ਸੰਭਾਲ ਕਰਨਾ ਹੈ ।

3. **ਖੇਤਾਂ ਦੇ ਬੰਨਿਆਂ ਤੇ ਲਗਾਏ ਜਾਣ ਵਾਲੇ ਦਰਖਤ ਕਿਹੋ ਜਿਹੇ ਹੋਣੇ ਚਾਹੀਦੇ ਹਨ ?**
- ਇਹ ਦਰਖਤ ਛੇਤੀ ਵਧਣ ਵਾਲੇ, ਛੋਟੀ ਛੱਤਰੀ ਵਾਲੇ ਅਤੇ ਸਰਦੀ ਵਿੱਚ ਪੱਤੇ ਝਾੜਨ ਵਾਲੇ ਹੋਣੇ ਚਾਹੀਦੇ ਹਨ । ਜਿਵੇਂ ਸਫੈਦਾ, ਪਾਪਲਰ, ਸੁਬਾਬੂਲ, ਤੂਤ, ਧਰੇਕ, ਸਰੀਂਹ, ਲਸੂੜਾ, ਸੁਹੰਜਣਾ, ਟਾਹਲੀ ਆਦਿ ।

4. **ਵਣ ਖੇਤੀ ਵਿੱਚ ਕਿਹੜੀਆਂ-ਕਿਹੜੀਆਂ ਅੰਤਰ ਫ਼ਸਲਾਂ ਦੀ ਕਾਸ਼ਤ ਕੀਤੀ ਜਾਂਦੀ ਹੈ ?**
- ਵਣ ਖੇਤੀ ਵਿੱਚ ਦਰਖਤ ਅਤੇ ਫ਼ਸਲਾਂ ਦੀ ਰਲਵੀ ਕਾਸ਼ਤ ਵਿੱਚ ਰੁੱਖਾਂ ਦੇ ਨਾਲ ਕਣਕ, ਸਰ੍ਹੋਂ, ਮੈਂਥਾ, ਅਦਰਕ, ਅਰਬੀ, ਧਨੀਆ, ਗਾਜਰ, ਬੰਦਗੋਭੀ, ਚੁਕੰਦਰ, ਕਚਾਲੂ, ਆਲੂ, ਪਾਲਕ ਅਤੇ ਲਸਣ ਆਦਿ ਅੰਤਰ ਫ਼ਸਲਾਂ ਦੀ ਕਾਸ਼ਤ ਕੀਤੀ ਜਾਂਦੀ ਹੈ ।

5. **ਕੰਢੀ ਇਲਾਕੇ ਦੇ ਕਿਸਾਨ ਕਿਸ ਤਰ੍ਹਾਂ ਦੀ ਖੇਤੀ ਕਰਦੇ ਹਨ ?**
- ਇਸ ਨੀਮ ਪਹਾੜੀ ਖੇਤਰ ਵਿੱਚ ਜ਼ਮੀਨਾਂ ਉੱਚੀਆਂ-ਨੀਵੀਆਂ ਹੋਣ ਕਰਕੇ ਭੂਮੀ ਖੋਰ ਦੀ ਸਮੱਸਿਆ ਕਾਫ਼ੀ ਜ਼ਿਆਦਾ ਹੈ । ਇਸ ਇਲਾਕੇ ਵਿੱਚ ਸਿੰਚਾਈ ਸਹੂਲਤਾਂ ਦੀ ਕਮੀ ਹੋਣ ਕਰਕੇ ਕਿਸਾਨ ਵਰਖਾ ਤੇ ਅਧਾਰਿਤ ਖੇਤੀ ਕਰਦੇ ਹਨ ।

6. **ਪੰਜਾਬ ਵਿੱਚ ਵਪਾਰਕ ਪੱਧਰ ਤੇ ਮੁੱਖ ਤੌਰ ਤੇ ਪਾਪਲਰ ਅਤੇ ਸਫ਼ੈਦੇ ਦੀ ਹੀ ਕਾਸ਼ਤ ਕਿਉਂ ਕੀਤੀ ਜਾਂਦੀ ਹੈ ?**
- ਪਾਪਲਰ ਅਤੇ ਸਫ਼ੈਦਾ ਦੋਵੇਂ ਰੁੱਖ ਬਹੁਤ ਜਲਦੀ ਵਧਦੇ ਹਨ । ਇਨ੍ਹਾਂ ਦੇ ਮੰਡੀਕਰਨ ਵਿੱਚ ਕੋਈ ਮੁਸ਼ਕਿਲ ਨਹੀਂ ਆਉਂਦੀ । ਇਹ ਰਵਾਇਤੀ ਖੇਤੀ ਨਾਲੋਂ ਵੱਧ ਆਮਦਨ ਦਿੰਦੇ ਹਨ । ਇਸ ਲਈ ਇਹ ਵਣ ਖੇਤੀ ਲਈ ਢੁਕਵੇਂ ਹਨ ।

7. **ਪਾਪਲਰ ਦੀ ਸਹੀ ਸਮੇਂ ਸਿਰ ਕਾਂਟ-ਛਾਂਟ ਕਰਨ ਦੇ ਕੀ-ਕੀ ਲਾਭ ਹਨ ?**
- ਪਾਪਲਰ ਦੀ ਸਹੀ ਸਮੇਂ ਤੇ ਕਾਂਟ-ਛਾਂਟ ਕਰਨ ਨਾਲ ਇਸ ਦਾ ਮੁੱਖ ਤਣਾ ਸਿੱਧਾ ਅਤੇ ਗੰਢਾਂ ਰਹਿਤ ਬਣਦਾ ਹੈ । ਪਾਪਲਰ ਨੂੰ ਪਹਿਲੇ ਸਾਲ ਕਾਂਟ-ਛਾਟ ਦੀ ਲੋੜ ਨਹੀਂ ਹੁੰਦੀ, ਪਰ ਦੂਜੇ ਸਾਲ ਪੱਤੇ ਝੜਨ ਤੋਂ ਬਾਅਦ ਕਾਂਟ-ਛਾਂਟ ਕਰਨੀ ਚਾਹੀਦੀ ਹੈ ।

8. **ਵਣ ਖੇਤੀ ਵਿੱਚ ਕਲਮਾਂ ਤੋਂ ਤਿਆਰ ਕੀਤੇ ਕਲੋਨਲ ਸਫ਼ੈਦੇ ਲਗਾਉਣੇ ਚਾਹੀਦੇ ਹਨ ?**
- ਕਲੋਨਲ ਸਫ਼ੈਦੇ ਇਕਸਾਰ ਵੱਧਦੇ ਹਨ । ਇਹ ਤੇਜ਼ੀ ਨਾਲ ਵੱਧਦੇ ਹਨ । ਇਨ੍ਹਾਂ ਦਾ ਤਣਾ ਸਿੱਧਾ ਹੁੰਦਾ ਹੈ । ਇਸ ਦੀਆਂ ਟਹਿਣੀਆਂ ਆਪਣੇ-ਆਪ ਝੜ ਜਾਂਦੀਆਂ ਹਨ । ਇਸ ਦੀ ਲੱਕੜੀ ਬਹੁਤ ਕੰਮਾਂ ਲਈ ਵਰਤੀ ਜਾਣ ਕਰਕੇ ਕਲਮਾਂ ਤੋਂ ਤਿਆਰ ਕੀਤੇ ਕਲੋਨਲ ਸਫ਼ੈਦੇ ਲਗਾਉਣੇ ਚਾਹੀਦੇ ਹਨ ।

9. **ਪਾਪਲਰ ਦੀ ਲੱਕੜ ਦੀ ਵਰਤੋਂ ਕਿਹੜੇ-ਕਿਹੜੇ ਉਦਯੋਗਾਂ ਵਿੱਚ ਹੁੰਦੀ ਹੈ ।**
- ਪਾਪਲਰ ਦੀ ਲੱਕੜ ਦੀ ਵਰਤੋਂ ਪਲਾਈ ਉਦਯੋਗ, ਮਾਚਿਸ ਦੀਆਂ ਤੀਲਾਂ ਬਣਾਉਣ ਅਤੇ ਪੈਕਿੰਗ ਵਾਲੇ ਡੱਬੇ ਬਣਾਉਣ ਵਾਲੇ ਕਾਰਖਾਨਿਆਂ ਵਿੱਚ ਕੀਤੀ ਜਾਂਦੀ ਹੈ ।

10. **ਪੰਜਾਬ ਦੇ ਦੱਖਣ-ਪੱਛਮੀ ਜੋਨ ਵਿੱਚ ਮਿੱਟੀ ਦੀ ਉੱਪਰਲੀ ਤਹਿ ਵਿੱਚ ਖਾਰਾਪਣ ਕਿਉਂ ਪਾਇਆ ਜਾਂਦਾ ਹੈ ?**

- ਦੱਖਣ-ਪੱਛਮੀ ਜੋਨ ਵਿੱਚ ਧਰਤੀ ਹੇਠਲਾ ਪਾਣੀ ਖਾਰਾ ਪਾਇਆ ਜਾਂਦਾ ਹੈ । ਜਿਸ ਕਰਕੇ ਇਸ ਇਲਾਕੇ ਦੀ ਮਿੱਟੀ ਦੀ ਉਪਰਲੀ ਤਹਿ ਵਿੱਚ ਖਾਰਾਪਣ ਪਾਇਆ ਜਾਂਦਾ ਹੈ ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਤਿੰਨ-ਚਾਰ ਵਾਕਾਂ ਵਿੱਚ ਦਿਓ :**

1. **ਵਣ ਖੇਤੀ ਦੇ ਮੁੱਖ ਮਾਡਲਾਂ ਦੇ ਨਾਂ ਲਿਖੋ ।**

- ਵਣ ਖੇਤੀ ਦੇ ਮੁੱਖ ਮਾਡਲ :
  (i) ਖੇਤਾਂ ਦੇ ਬੰਨਿਆਂ ਤੇ ਦਰਖ਼ਤ ਲਾਉਣਾ ।
  (ii) ਦਰਖ਼ਤਾਂ ਅਤੇ ਫ਼ਸਲਾਂ ਦੀ ਰਲਵੀਂ ਕਾਸ਼ਤ ।

2. **ਖੇਤਾਂ ਦੇ ਬੰਨਿਆਂ ਤੇ ਦਰਖ਼ਤ ਕਿਵੇਂ ਲਗਾਏ ਜਾਂਦੇ ਹਨ ?**

- ਖੇਤ ਤੇ ਬੰਨਿਆਂ ਜਾਂ ਖ਼ਾਲਾਂ ਤੇ ਉੱਤਰ-ਦੱਖਣ ਦਿਸ਼ਾ ਵਿੱਚ ਇੱਕ ਜਾਂ ਦੋ ਕਤਾਰਾਂ ਵਿੱਚ ਰੁੱਖ ਲਗਾਏ ਜਾਂਦੇ ਹਨ । ਇਹ ਦਰਖ਼ਤ ਖੇਤੀ ਕੰਮਾਂ ਵਿੱਚ ਰੁਕਾਵਟ ਨਹੀਂ ਬਣਦੇ । ਖੇਤਾਂ ਵਿੱਚ ਲੱਗੇ ਦਰਖ਼ਤਾਂ ਦੇ ਫ਼ਸਲਾਂ ਤੇ ਮਾੜੇ ਅਸਰ ਨੂੰ ਘਟਾਉਣ ਲਈ ਦਰਖ਼ਤਾਂ ਦੀ ਸਹੀ ਚੋਣ ਅਤੇ ਦੋ ਦਰਖ਼ਤਾਂ ਵਿੱਚ ਫਾਸਲਾ ਵਧਾਇਆ ਜਾ ਸਕਦਾ ਹੈ । ਸਫ਼ੈਦਾ, ਪਾਪਲਰ, ਸੂਬਾਬੂਲ, ਤੂਤ, ਧਰੇਕ, ਸਰੀਂਹ, ਲਸੂੜਾ, ਸੁਹੰਜਣਾ ਅਤੇ ਟਾਹਲੀ ਆਦਿ ਦਰਖ਼ਤ ਖੇਤਾਂ ਦੇ ਬੰਨਿਆਂ ਤੇ ਲਗਾਏ ਜਾ ਸਕਦੇ ਹਨ ।

3. **ਦਰਖ਼ਤਾਂ ਅਤੇ ਫ਼ਸਲਾਂ ਦੀ ਰਲਵੀਂ ਕਾਸ਼ਤ ਕਿਵੇਂ ਕੀਤੀ ਜਾਂਦੀ ਹੈ ?**

- ਵਣ ਖੇਤੀ ਦੇ ਇਸ ਮਾਡਲ ਵਿੱਚ ਸਾਰੇ ਖੇਤ ਵਿੱਚ ਦਰਖ਼ਤ ਲਗਾਏ ਜਾਂਦੇ ਹਨ । ਇਨ੍ਹਾਂ ਰੁੱਖਾਂ ਦੇ ਨਾਲ ਅੰਤਰ ਫ਼ਸਲਾਂ ਜਿਵੇਂ ਕਣਕ, ਸਰ੍ਹੋਂ, ਮੈਂਥਾ, ਅਦਰਕ, ਅਰਬੀ, ਧਨੀਆ, ਗਾਜਰ, ਬੰਦਗੋਭੀ, ਚੁਕੰਦਰ, ਕਚਾਲੂ, ਆਲੂ, ਪਾਲਕ ਅਤੇ ਲਸਣ ਆਦਿ ਦੀ ਕਾਸ਼ਤ ਕੀਤੀ ਜਾਂਦੀ ਹੈ। ਆਮ ਤੌਰ ਤੇ ਜ਼ਿਆਦਾ ਜ਼ਮੀਨਾਂ ਵਾਲੇ ਕਿਸਾਨ ਇਸ ਤਰ੍ਹਾਂ ਦੀ ਖੇਤੀ ਕਰਦੇ ਹਨ । ਸਾਰੇ ਖੇਤ ਵਿੱਚ ਲਗਾਉਣ ਲਈ ਪਾਪਲਰ, ਸਫ਼ੈਦਾ, ਧਰੇਕ ਅਤੇ ਤੁਣ ਚੰਗੇ ਰੁੱਖ ਹਨ ।

4. **ਪਾਪਲਰ ਦੇ ਬੂਟੇ ਲਗਾਉਣ ਦੀ ਵਿਧੀ ਲਿਖੋ ।**

- ਪਾਪਲਰ ਦੇ ਬੂਟੇ ਲਗਾਉਣ ਲਈ 15-20 ਸੈਮੀ. ਵਿਆਸ ਅਤੇ 3 ਫੁੱਟ ਡੂੰਘੇ ਟੋਏ ਤਿਆਰ ਕਰੋ । ਬੂਟੇ ਲਗਾਉਣ ਦਾ ਸਹੀ ਸਮਾਂ ਜਨਵਰੀ-ਫਰਵਰੀ ਦਾ ਮਹੀਨਾ ਹੈ । ਬੂਟਿਆਂ ਨੂੰ ਸਿਉਂਕ ਅਤੇ ਬੀਮਾਰੀਆਂ ਤੋਂ ਬਚਾਉਣ ਲਈ ਕਲੋਰੋਪਾਇਰੀਫਾਸ ਅਤੇ ਐਮੀਸਾਨ-6 ਦੀ ਵਰਤੋਂ ਕਰੋ । ਟੋਏ ਵਿੱਚ ਬੂਟਾ ਲਾਉਣ ਤੋਂ ਤੁਰੰਤ ਬਾਅਦ ਸਿੰਚਾਈ ਕਰ ਦਿਓ । ਪੌਦੇ ਬੰਨਿਆਂ ਤੇ 3 ਮੀਟਰ ਅਤੇ ਸਾਰੇ ਖੇਤ ਵਿੱਚ 8×2.5 ਮੀਟਰ ਜਾਂ 5×4 ਮੀਟਰ ਦੂਰ ਲਗਾਏ ਜਾ ਸਕਦੇ ਹਨ ।

5. **ਸਫ਼ੈਦੇ ਦੀ ਕਟਾਈ ਕਦੋਂ ਕੀਤੀ ਜਾਂਦੀ ਹੈ ?**

- (i) ਇਮਾਰਤੀ ਲੱਕੜ ਪੈਦਾ ਕਰਨ ਲਈ 13 ਤੋਂ 15 ਸਾਲ ਤੱਕ
  (ii) ਪੇਪਰ ਪਲਪ ਲਈ 6 ਤੋਂ 8 ਸਾਲ ਤੱਕ
  (iii) ਬੱਲੀਆਂ ਬਣਾਉਣ ਲਈ 4 ਤੋਂ 6 ਸਾਲ ਤੱਕ ਸਫ਼ੈਦੇ ਦੀ ਕਟਾਈ ਕੀਤੀ ਜਾ ਸਕਦੀ ਹੈ ।

# ਪਾਠ – 7
# ਆਰਥਿਕ ਵਿਕਾਸ ਵਿੱਚ ਖੇਤੀ ਦਾ ਯੋਗਦਾਨ

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

1. ਭਾਰਤ ਦੀ ਕਿੰਨੀ ਅਬਾਦੀ ਪਿੰਡਾਂ ਵਿੱਚ ਰਹਿੰਦੀ ਹੈ ?
   (ੳ) ਇੱਕ ਤਿਹਾਈ (ਅ) ਦੋ ਤਿਹਾਈ
   (ੲ) ਤਿੰਨ ਚੌਥਾਈ (ਸ) ਦੋ ਚੌਥਾਈ
2. ਭਾਰਤ ਵਿੱਚ ਕਿੰਨੇ ਕਿਰਤੀ (ਕਾਮੇ) ਰੋਜ਼ਗਾਰ ਲਈ ਸਿੱਧੇ ਤੌਰ ਤੇ ਖੇਤੀਬਾੜੀ ਵਿੱਚ ਲੱਗੇ ਹੋਏ ਹਨ ?
   (ੳ) 54 ਪ੍ਰਤੀਸ਼ਤ (ਅ) 45 ਪ੍ਰਤੀਸ਼ਤ
   (ੲ) 15 ਪ੍ਰਤੀਸ਼ਤ (ਸ) 25 ਪ੍ਰਤੀਸ਼ਤ
3. ਸਾਲ 2012-13 ਦੌਰਾਨ ਖੇਤੀਬਾੜੀ ਖੇਤਰ ਨੇ ਭਾਰਤ ਦੀ ਕੁੱਲ ਘਰੇਲੂ ਆਮਦਨ ਵਿੱਚ ਕਿੰਨਾ ਯੋਗਦਾਨ ਪਾਇਆ ਹੈ ?
   (ੳ) 7.13 ਪ੍ਰਤੀਸ਼ਤ (ਅ) 13.7 ਪ੍ਰਤੀਸ਼ਤ
   (ੲ) 1.73 ਪ੍ਰਤੀਸ਼ਤ (ਸ) 3.71 ਪ੍ਰਤੀਸ਼ਤ
4. ਭਾਰਤ ਵਿੱਚ ਕਿੰਨੇ ਪਰਿਵਾਰ ਕੇਵਲ ਡੇਅਰੀ ਫਾਰਮ ਦੇ ਧੰਦੇ ਵਿੱਚ ਲੱਗੇ ਹੋਏ ਹਨ ?
   (ੳ) 7 ਮਿਲੀਅਨ (ਅ) 17 ਮਿਲੀਅਨ
   (ੲ) 70 ਮਿਲੀਅਨ (ਸ) 27 ਮਿਲੀਅਨ
5. ਕੱਪੜਾ ਉਦਯੋਗ ਲਈ ਕੱਚਾ ਮਾਲ ਕਿੱਥੋਂ ਪ੍ਰਾਪਤ ਹੁੰਦਾ ਹੈ ?
   (ੳ) ਕਪਾਹ (ਅ) ਗੰਨਾ
   (ੲ) ਪਟਸਨ (ਸ) ਕਣਕ
6. ਘਰਾਂ ਵਿੱਚ ਉਪਭੋਗ ਕੀਤੀਆਂ ਜਾਣ ਵਾਲੀਆਂ ਕਿੰਨੀਆਂ ਵਸਤੂਆਂ ਖੇਤੀਬਾੜੀ ਨਾਲ ਸਬੰਧਤ ਹੁੰਦੀਆਂ ਹਨ ?
   (ੳ) 6 ਪ੍ਰਤੀਸ਼ਤ (ਅ) 16 ਪ੍ਰਤੀਸ਼ਤ
   (ੲ) 26 ਪ੍ਰਤੀਸ਼ਤ (ਸ) 60 ਪ੍ਰਤੀਸ਼ਤ
7. ਭਾਰਤ ਵਿੱਚ ਸਾਲ 1950-51 ਵਿੱਚ ਅਨਾਜ ਦੀ ਕੁੱਲ ਪੈਦਾਵਾਰ ਕਿੰਨੀ ਸੀ ?
   (ੳ) 15 ਮਿਲੀਅਨ ਟਨ (ਅ) 264 ਮਿਲੀਅਨ ਟਨ
   (ੲ) 51 ਮਿਲੀਅਨ ਟਨ (ਸ) 462 ਮਿਲੀਅਨ ਟਨ
8. ਭਾਰਤ ਵਿੱਚ ਸਾਲ 2012 ਵਿੱਚ ਅਨਾਜ ਦਾ ਕੁੱਲ ਕਿੰਨਾ ਭੰਡਾਰ ਸੀ ?
   (ੳ) 82 ਮਿਲੀਅਨ ਟਨ (ਅ) 28 ਮਿਲੀਅਨ ਟਨ
   (ੲ) 72 ਮਿਲੀਅਨ ਟਨ (ਸ) 18 ਮਿਲੀਅਨ ਟਨ
9. ਭਾਰਤ ਸਰਕਾਰ ਨੇ ਭੋਜਨ ਸੁਰੱਖਿਆ ਐਕਟ ਕਦੋਂ ਪਾਸ ਕੀਤਾ ਹੈ ?
   (ੳ) ਸਾਲ 2018 (ਅ) ਸਾਲ 1918
   (ੲ) ਸਾਲ 1993 (ਸ) ਸਾਲ 2013
10. ਭੋਜਨ ਸੁਰੱਖਿਆ ਐਕਟ 2013 ਅਨੁਸਾਰ ਕਿੰਨੀ ਪੇਂਡੂ ਅਬਾਦੀ ਨੂੰ 5 ਕਿਲੋ ਪ੍ਰਤੀ ਜੀਅ ਪ੍ਰਤੀ ਮਹੀਨਾ ਅਨਾਜ ਦੇਣ ਦੀ ਤਜਵੀਜ਼ ਹੈ ?
    (ੳ) 15 ਪ੍ਰਤੀਸ਼ਤ (ਅ) 25 ਪ੍ਰਤੀਸ਼ਤ
    (ੲ) 50 ਪ੍ਰਤੀਸ਼ਤ (ਸ) 75 ਪ੍ਰਤੀਸ਼ਤ

**ਉੱਤਰ :** 1. (ਅ) 2. (ੳ) 3. (ਅ) 4. (ੲ) 5. (ੳ)
6. (ਸ) 7. (ੲ) 8. (ੳ) 9. (ਸ) 10. (ਸ)

**ਹੇਠ ਲਿਖੀਆਂ ਖ਼ਾਲੀ ਥਾਵਾਂ ਵਿੱਚ ਬਰੈਕਟ ਵਿੱਚੋਂ ਸਹੀ ਸ਼ਬਦ ਚੁਣ ਕੇ ਭਰੋ :**

1. ਭਾਰਤ ਇੱਕ .................. ਪ੍ਰਧਾਨ ਦੇਸ਼ ਹੈ । (ਵਪਾਰ / ਖੇਤੀ)
2. ਪਟਸਨ ਉਦਯੋਗ ਲਈ ਕੱਚਾ ਮਾਲ .................. ਤੋਂ ਮਿਲਦਾ ਹੈ । (ਪਟਸਨ / ਗੰਨਾ)
3. ਚਾਵਲ ਉਦਯੋਗ ਲਈ ਕੱਚਾ ਮਾਲ .................. ਤੋਂ ਮਿਲਦਾ ਹੈ । (ਮੱਕੀ / ਝੋਨੇ)
4. ਜਨ ਸੰਖਿਆ ਅਨੁਸਾਰ ................ ਵਿਸ਼ਵ ਦਾ ਦੂਜਾ ਵੱਡਾ ਦੇਸ਼ ਹੈ । (ਭਾਰਤ / ਚੀਨ)
5. ਅਨਾਜ ਦੇ ਵੱਧ ਉਤਪਾਦਨ ਕਾਰਨ .................... ਕ੍ਰਾਂਤੀ ਆਈ । (ਹਰੀ / ਨੀਲੀ)
6. ਭਾਰਤ ਦੀ ਅਬਾਦੀ ਲਗਾਤਾਰ .................. ਰਹੀ ਹੈ । (ਵੱਧ / ਘੱਟ)
7. ਖੇਤੀ ਸਹਾਇਕ ਧੰਦਿਆਂ ਨੂੰ ਅਪਨਾਉਣ ਨਾਲ ਕਿਸਾਨ ਦੀ ਆਮਦਨ ਵਿੱਚ .............. ਹੁੰਦਾ ਹੈ । (ਘਾਟਾ / ਵਾਧਾ)
8. ਅਨਾਜ ਦੀ ਉਤਪਾਦਕਤਾ ਵਧ ਕੇ .................. ਕਿਲੋਗਰਾਮ ਪ੍ਰਤੀ ਹੈਕਟੇਅਰ ਤੱਕ ਪਹੁੰਚ ਗਈ ਹੈ । (2125 / 1225)
9. ਭੋਜਨ ਸੁਰੱਖਿਆ ਐਕਟ 2013 ਪ੍ਰਤੀ ਜੀਅ ਪ੍ਰਤੀ ਮਹੀਨਾ ............. ਕਿਲੋ ਅਨਾਜ ਦੇਣ ਦੀ ਤਜਵੀਜ਼ ਹੈ । (2 / 5)
10. ਭਾਰਤ ਦਾ ਖੇਤੀ ਵਪਾਰ ਸੰਤੁਲਨ 25 ਬਿਲੀਅਨ ਡਾਲਰ ਨਾਲ ...................... ਦਾ ਰਿਹਾ । (ਵਾਧੇ / ਘਾਟੇ)

**ਉੱਤਰ :** 1. ਖੇਤੀ 2. ਪਟਸਨ 3. ਝੋਨੇ 4. ਭਾਰਤ 5. ਹਰੀ
6. ਵੱਧ 7. ਵਾਧਾ 8. 2125 9. 5 10. ਵਾਧੇ

**ਹੇਠ ਲਿਖੇ ਕਥਨਾਂ ਵਿੱਚੋਂ ਸਹੀ / ਗਲਤ ਚੁਣੋ :**

1. ਖੇਤੀਬਾੜੀ ਸਾਡੇ ਦੇਸ਼ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਮੰਨੀ ਜਾਂਦੀ ਹੈ ।
2. ਜਿਵੇਂ-ਜਿਵੇਂ ਕਿਸੇ ਦੇਸ਼ ਦਾ ਆਰਥਿਕ ਵਿਕਾਸ ਹੁੰਦਾ ਹੈ, ਉਸ ਦੀ ਖੇਤੀਬਾੜੀ ਤੇ ਨਿਰਭਰਤਾ ਘੱਟਦੀ ਜਾਂਦੀ ਹੈ ।
3. ਭਾਰਤ ਵਿੱਚ 70 ਲੱਖ ਪਰਿਵਾਰ ਡੇਅਰੀ ਫਾਰਮਿੰਗ ਦੇ ਧੰਦੇ ਵਿੱਚ ਲੱਗੇ ਹੋਏ ਹਨ ।
4. ਕੱਪੜਾ ਉਦਯੋਗ ਲਈ ਕੱਚਾ ਮਾਲ ਗੰਨੇ ਤੋਂ ਮਿਲਦਾ ਹੈ ।
5. ਖੇਤੀ ਵਿਕਾਸ ਨਾਲ ਦੇਸ਼ ਵਿੱਚ ਉਦਯੋਗਿਕ ਵਿਕਾਸ ਹੁੰਦਾ ਹੈ ।
6. ਭਾਰਤ ਵਿੱਚ ਹਰੀ ਕ੍ਰਾਂਤੀ ਦੁੱਧ ਉਤਪਾਦਨ ਵਿੱਚ ਵਾਧੇ ਕਾਰਨ ਆਈ ।
7. ਅਨਾਜ ਦੇ ਖੇਤਰ ਵਿੱਚ ਭਾਰਤ ਹੁਣ ਸਵੈ-ਨਿਰਭਰ ਹੋ ਗਿਆ ਹੈ ।
8. ਅਨਾਜ ਭੰਡਾਰਨ ਨਾਲ ਕੀਮਤਾਂ ਦੇ ਵਾਧੇ ਉੱਤੇ ਕਾਬੂ ਪਾਇਆ ਜਾ ਸਕਦਾ ਹੈ ।
9. ਭੋਜਨ ਸੁਰੱਖਿਆ ਐਕਟ 2013 ਅਨੁਸਾਰ ਹਰੇਕ ਗਰੀਬ ਵਿਅਕਤੀ ਨੂੰ 50 ਕਿਲੋ ਅਨਾਜ ਪ੍ਰਤੀ ਮਹੀਨਾ ਦੇਣ ਦੀ ਤਜਵੀਜ਼ ਹੈ ।
10. ਭਾਰਤ ਚਾਹ, ਕਾਫੀ, ਤੇਲ, ਫ਼ਲ, ਸਬਜ਼ੀਆਂ, ਦਾਲਾਂ, ਕਾਜੂ, ਮਸਾਲੇ ਆਦਿ ਖੇਤੀ ਵਸਤੂਆਂ ਦਾ ਨਿਰਯਾਤ ਕਰਦਾ ਹੈ ।

**ਉੱਤਰ :**

| | | | | |
|---|---|---|---|---|
| 1. ਸਹੀ | 2. ਸਹੀ | 3. ਗਲਤ | 4. ਗਲਤ | 5. ਸਹੀ |
| 6. ਗਲਤ | 7. ਸਹੀ | 8. ਸਹੀ | 9. ਗਲਤ | 10. ਸਹੀ |

**ਸਹੀ ਮਿਲਾਨ ਕਰੋ :**

| | |
|---|---|
| 1. ਚੀਨੀ ਉਦਯੋਗ ਲਈ ਕੱਚਾ ਮਾਲ | (i) ਖੇਤੀਬਾੜੀ, ਉਦਯੋਗਿਕ ਅਤੇ ਸੇਵਾਵਾਂ ਖੇਤਰ |
| 2. ਖੇਤੀ ਸਹਾਇਕ ਧੰਦੇ | (ii) ਮੂੰਗੀ, ਮਸਰ, ਮਾਂਹ |
| 3. ਭਾਰਤ ਦੀ ਅਰਥ ਵਿਵਸਥਾ ਦੇ ਤਿੰਨ ਖੇਤਰ | (iii) ਗੰਨਾ |
| 4. ਢੋਆ-ਢੁਆਈ ਦਾ ਸਸਤਾ ਸਾਧਨ | (iv) ਪਸ਼ੂ ਪਾਲਣਾ, ਮਧੂ ਮੱਖੀ ਪਾਲਣ, ਖੁੰਬਾਂ ਉਗਾਉਣਾ |
| 5. ਦਾਲ ਵਾਲੀਆਂ ਫ਼ਸਲਾਂ | (v) ਰੇਲਵੇ |

**ਉੱਤਰ :** 1. (iii) 2. (iv) 3. (i) 4. (v) 5. (ii)

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਇੱਕ-ਦੋ ਵਾਕਾਂ ਵਿੱਚ ਦਿਓ :**

1. **ਆਰਥਿਕ ਵਿਕਾਸ ਦਾ ਖੇਤੀਬਾੜੀ ਉੱਤੇ ਲੋਕਾਂ ਦੀ ਨਿਰਭਰਤਾ ਨਾਲ ਕਿਹੋ ਜਿਹਾ ਸਬੰਧ ਹੈ ?**
- ਭਾਰਤ ਵਿੱਚ 54 ਪ੍ਰਤੀਸ਼ਤ ਕਿਰਤੀ ਰੁਜ਼ਗਾਰ ਲਈ ਸਿੱਧੇ ਤੌਰ ਤੇ ਖੇਤੀਬਾੜੀ ਵਿੱਚ ਲੱਗੇ ਹੋਏ ਹਨ । ਸਾਲ 2012-13 ਦੌਰਾਨ ਖੇਤੀਬਾੜੀ ਖੇਤਰ ਨੇ ਕੁੱਲ ਘਰੇਲੂ ਆਮਦਨ ਵਿੱਚ 13.7 ਪ੍ਰਤੀਸ਼ਤ ਯੋਗਦਾਨ ਪਾਇਆ ਹੈ ।

2. **ਭਾਰਤ ਦੇ ਮੁੱਖ ਖੇਤੀ ਨਿਰਯਾਤ ਕਿਹੜੇ ਹਨ ?**
- ਚਾਹ, ਕਾਫੀ, ਕਪਾਹ, ਫ਼ਲ, ਸਬਜ਼ੀਆਂ, ਕਾਜੂ ਅਤੇ ਮਸਾਲੇ ਆਦਿ ਭਾਰਤ ਦੇ ਮੁੱਖ ਖੇਤੀ ਨਿਰਯਾਤ ਹਨ ।

3. **ਦੇਸ਼ ਵਿੱਚ ਅਨਾਜ ਦਾ ਭੰਡਾਰ ਕਿਉਂ ਕੀਤਾ ਜਾਂਦਾ ਹੈ ?**
- ਅਨਾਜ ਦੇ ਭੰਡਾਰ (ਸਟੋਰ) ਕਰਨ ਨਾਲ ਆਉਣ ਵਾਲੇ ਸਮੇਂ ਵਿੱਚ ਅਨਾਜ ਦੀ ਪੂਰਤੀ ਘਟਣ ਨਾਲ ਪੈਦਾ ਹੋਣ ਵਾਲੇ ਕੀਮਤਾਂ ਦੇ ਵਾਧੇ ਦੇ ਡਰ ਉੱਤੇ ਕਾਬੂ ਪਾਇਆ ਜਾ ਸਕਦਾ ਹੈ ।

4. **ਭੋਜਨ ਸੁਰੱਖਿਆ ਐਕਟ ਵਿੱਚ ਮੁੱਖ ਤਜਵੀਜ਼ ਕੀ ਹੈ ?**
- ਭੋਜਨ ਸੁਰੱਖਿਆ ਐਕਟ 2013 ਅਨੁਸਾਰ ਭਾਰਤ ਦੀ 75% ਪੇਂਡੂ ਅਬਾਦੀ ਅਤੇ 50% ਸ਼ਹਿਰੀ ਅਬਾਦੀ ਨੂੰ 5 ਕਿਲੋ ਪ੍ਰਤੀ ਜੀਅ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਅਨਾਜ ਦੇਣ ਦੀ ਤਜਵੀਜ਼ ਹੈ ।

5. **ਰੇਲਵੇ ਦਾ ਵਿਕਾਸ ਦੇਸ਼ ਵਿੱਚ ਖੇਤੀਬਾੜੀ ਵਿਕਾਸ ਨਾਲ ਕਿਵੇਂ ਜੁੜਿਆ ਹੈ ?**
- ਦੇਸ਼ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਖੇਤੀ ਉਤਪਾਦ ਅਤੇ ਖੇਤੀ ਲਈ ਲੋੜੀਂਦੀਆਂ ਵਸਤੂਆਂ ਨੂੰ ਪਹੁੰਚਾਉਣ ਨਾਲ ਰੇਲਵੇ ਨੂੰ ਆਮਦਨ ਹੁੰਦੀ ਹੈ ਅਤੇ ਦੇਸ਼ ਵਿੱਚ ਰੇਲਵੇ ਦਾ ਵਿਸਥਾਰ ਹੁੰਦਾ ਹੈ ।

6. **ਖੇਤੀਬਾੜੀ ਖੇਤਰ ਵਿੱਚ ਕਿਹੋ ਜਿਹੀ ਬੇਰੁਜ਼ਗਾਰੀ ਪਾਈ ਜਾਂਦੀ ਹੈ ?**
- ਖੇਤੀਬਾੜੀ ਖੇਤਰ ਵਿੱਚ ਮੌਸਮੀ ਅਤੇ ਲੁਕਵੀਂ ਬੇਰੁਜ਼ਗਾਰੀ ਪਾਈ ਜਾਂਦੀ ਹੈ । ਇਸ ਲਈ ਲੋਕਾਂ ਦੀ ਖੇਤੀਬਾੜੀ ਤੇ ਨਿਰਭਰਤਾ ਘਟਾ ਕੇ ਉਦਯੋਗ ਅਤੇ ਸੇਵਾਵਾਂ ਖੇਤਰ ਵਿੱਚ ਰੁਜ਼ਗਾਰ ਦੇਣਾ ਚਾਹੀਦਾ ਹੈ ।

7. **ਭਾਰਤੀ ਅਰਥ ਵਿਵਸਥਾ ਦੇ ਤਿੰਨ ਖੇਤਰਾਂ ਦੇ ਨਾਂ ਲਿਖੋ ।**
- ਖੇਤੀਬਾੜੀ ਖੇਤਰ, ਉਦਯੋਗਿਕ ਖੇਤਰ ਅਤੇ ਸੇਵਾਵਾਂ ਖੇਤਰ ਭਾਰਤੀ ਅਰਥ ਵਿਵਸਥਾ ਦੇ ਤਿੰਨ ਪ੍ਰਮੁੱਖ ਖੇਤਰ ਹਨ ।

8. **ਭਾਰਤ ਦਾ ਖੇਤੀ ਵਪਾਰ ਸੰਤੁਲਨ ਕਿਸ ਤਰ੍ਹਾਂ ਦਾ ਹੈ ?**
- ਸਾਲ 2013-14 ਵਿੱਚ ਭਾਰਤ ਦਾ ਕੁੱਲ ਖੇਤੀ ਨਿਰਯਾਤ 42 ਬਿਲੀਅਨ ਡਾਲਰ ਦਾ ਸੀ ਜਦ ਇਸੇ ਸਾਲ ਦੇਸ਼ ਦਾ ਕੁੱਲ ਖੇਤੀ ਆਯਾਤ 17 ਬਿਲੀਅਨ ਡਾਲਰ ਦਾ ਸੀ । ਇਸ ਤਰ੍ਹਾਂ ਸਾਲ 2013-14 ਵਿੱਚ ਭਾਰਤ ਦਾ ਵਪਾਰ ਸੰਤੁਲਨ 25 ਬਿਲੀਅਨ ਡਾਲਰ ਦੇ ਨਾਲ ਵਾਧੇ ਦਾ ਰਿਹਾ ਹੈ ।

9. **ਭਾਰਤ ਦੇ ਕਿਸਾਨਾਂ ਦਾ ਮੁੱਖ ਖੇਤੀਬਾੜੀ ਸਹਾਇਕ ਧੰਦਾ ਕਿਹੜਾ ਹੈ ?**
- ਦੇਸ਼ ਦੇ ਕਿਸਾਨਾਂ ਦਾ ਖੇਤੀਬਾੜੀ ਨਾਲ ਸਬੰਧਤ ਮੁੱਖ ਧੰਦਾ ਪਸ਼ੂ ਪਾਲਣ ਹੈ । ਭਾਰਤ ਵਿੱਚ ਲਗਭਗ 70 ਮਿਲੀਅਨ ਪਰਿਵਾਰ ਕੇਵਲ ਡੇਅਰੀ ਫਾਰਮਿੰਗ ਦੇ ਧੰਦੇ ਵਿੱਚ ਲੱਗੇ ਹੋਏ ਹਨ ।

10. **ਸੇਵਾਵਾਂ ਖੇਤਰ ਵਿੱਚ ਕੀ-ਕੀ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ ?**
- ਸੇਵਾਵਾਂ ਖੇਤਰ ਉਦਯੋਗ ਅਤੇ ਖੇਤੀਬਾੜੀ ਖੇਤਰ ਨੂੰ ਸੇਵਾਵਾਂ ਜਿਵੇਂ ਬੈਂਕ ਦੀ ਸੇਵਾ, ਆਵਾਜਾਈ ਸਹੂਲਤ, ਭੰਡਾਰ ਲਈ ਗੋਦਾਮ, ਬੀਮਾ ਸੈਰ-ਸਪਾਟਾ ਆਦਿ ਪ੍ਰਦਾਨ ਕਰਦਾ ਹੈ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਤਿੰਨ-ਚਾਰ ਵਾਕਾਂ ਵਿੱਚ ਦਿਓ :**

1. **ਖੇਤੀਬਾੜੀ ਨਾਲ ਸਬੰਧਤ ਕੋਈ ਚਾਰ ਸਹਾਇਕ ਧੰਦਿਆਂ ਦੇ ਨਾਂ ਲਿਖੋ ।**

– (i) ਦੁਧਾਰੂ ਪਸ਼ੂ ਪਾਲਣ (ii) ਮੁਰਗੀ ਪਾਲਣ (iii) ਮੱਛੀ ਪਾਲਣ
(iv) ਸੂਰ ਪਾਲਣ (v) ਮਧੂ ਮੱਖੀ ਪਾਲਣ (vi) ਵਣ ਖੇਤੀ
(vii) ਖਰਗੋਸ਼ ਪਾਲਣ (viii) ਖੁੰਬਾਂ ਉਗਾਉਣਾ (ix) ਪੌਦਿਆਂ ਦੀ ਨਰਸਰੀ ਖੋਲ੍ਹਣਾ

2. **ਕਿਸਾਨਾਂ ਵੱਲੋਂ ਖੇਤੀ ਸਹਾਇਕ ਧੰਦੇ ਅਪਨਾਉਣ ਦੇ ਕੋਈ ਚਾਰ ਲਾਭ ਲਿਖੋ ।**

– (i) ਲੋਕਾਂ ਨੂੰ ਦੁੱਧ, ਆਂਡੇ, ਮੀਟ, ਮੱਛੀ, ਸ਼ਹਿਦ ਆਦਿ ਰੂਪ ਵਿੱਚ ਵਧੀਆ ਅਤੇ ਪੌਸ਼ਟਿਕ ਖੁਰਾਕ ਮਿਲਦੀ ਹੈ ।
(ii) ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੁੰਦਾ ਹੈ ।
(iii) ਦੇਸ਼ ਦੇ ਪੂੰਜੀ ਨਿਰਮਾਣ ਵਿੱਚ ਵਾਧਾ ਹੋਣ ਨਾਲ ਦੇਸ਼ ਦੀ ਅਰਥ ਵਿਵਸਥਾ ਮਜ਼ਬੂਤ ਹੁੰਦੀ ਹੈ ।
(iv) ਭਾਰਤ ਵਿੱਚ ਬੇਰੁਜ਼ਗਾਰੀ ਦੇ ਸਮੱਸਿਆ ਤੇ ਕਾਬੂ ਪਾਇਆ ਜਾ ਸਕਦਾ ਹੈ ।
(v) ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਘਰ ਵਿੱਚ ਰੁਜ਼ਗਾਰ ਮਿਲ ਜਾਂਦਾ ਹੈ ।

3. **ਕੱਚੇ ਮਾਲ ਲਈ ਖੇਤੀਬਾੜੀ ਤੇ ਨਿਰਭਰ ਕਿਸੇ ਚਾਰ ਪ੍ਰਮੁੱਖ ਉਦਯੋਗਾਂ ਦੇ ਨਾਂ ਲਿਖੋ ।**

– (i) ਕੱਪੜਾ ਉਦਯੋਗ ਲਈ ਕਪਾਹ
(ii) ਚੀਨੀ (ਖੰਡ) ਉਦਯੋਗ ਲਈ ਗੰਨਾ
(iii) ਪਟਸਨ ਉਦਯੋਗ ਲਈ ਪਟਸਨ
(iv) ਚਾਵਲ ਸ਼ੈਲਰ ਉਦਯੋਗ ਲਈ ਝੋਨਾ

4. **ਭਾਰਤ ਵਿੱਚ ਹਰੀ ਕ੍ਰਾਂਤੀ ਆਉਣ ਦੇ ਕੋਈ ਚਾਰ ਕਾਰਨ ਲਿਖੋ ।**

– (i) ਸੁਧਰੇ ਬੀਜਾਂ ਦੀ ਖੋਜ (ii) ਨਵੀਨਤਮ ਖੇਤੀ ਮਸ਼ੀਨਰੀ
(iii) ਰਸਾਇਣਕ ਖਾਦਾਂ ਦੀ ਵਰਤੋਂ (iv) ਕੀਟਨਾਸ਼ਕ ਦਵਾਈਆਂ ਦੀ ਵਰਤੋਂ
(v) ਖੇਤੀ ਵਿਗਿਆਨੀਆਂ ਦੀਆਂ ਖੋਜਾਂ (vi) ਕਿਸਾਨਾਂ ਦੀ ਅਣਥੱਕ ਮਿਹਨਤ
(vii) ਮੰਡੀਕਰਨ ਸਹੂਲਤਾਂ (viii) ਸਿੰਚਾਈ ਸਹੂਲਤਾਂ ਵਿੱਚ ਵਾਧਾ

5. **ਦੇਸ਼ ਵਿੱਚ ਖੇਤੀਬਾੜੀ ਤੇ ਨਿਰਭਰਤਾ ਕਿਉਂ ਘਟਾਈ ਜਾਣੀ ਚਾਹੀਦੀ ਹੈ ?**

– ਦੇਸ਼ ਦੇ ਆਰਥਿਕ ਵਿਕਾਸ ਲਈ ਜ਼ਰੂਰੀ ਹੈ ਕਿ ਖੇਤੀਬਾੜੀ ਤੇ ਨਿਰਭਰ ਅਬਾਦੀ ਦੀ ਪ੍ਰਤੀਸ਼ਤਤਾ ਘਟਾਈ ਜਾਵੇ । ਖੇਤੀਬਾੜੀ ਵਿੱਚ ਮੌਸਮੀ ਬੇਰੁਜ਼ਗਾਰੀ ਅਤੇ ਲੁਕਵੀਂ ਬੇਰੁਜ਼ਗਾਰੀ ਨਾਲ ਸਬੰਧਤ ਲੋਕਾਂ ਨੂੰ ਉਦਯੋਗ ਅਤੇ ਸੇਵਾਵਾਂ ਖੇਤਰ ਵਿੱਚ ਲਗਾਇਆ ਜਾਵੇ । ਕਿਉਂਕਿ ਜਿਵੇਂ-ਜਿਵੇਂ ਕਿਸੇ ਦੇਸ਼ ਦਾ ਆਰਥਿਕ ਵਿਕਾਸ ਹੁੰਦਾ ਹੈ, ਉਸ ਦੀ ਖੇਤੀਬਾੜੀ ਤੇ ਨਿਰਭਰਤਾ ਘਟਦੀ ਜਾਂਦੀ ਹੈ ਅਤੇ ਉਦਯੋਗ ਅਤੇ ਸੇਵਾਵਾਂ ਖੇਤਰ ਉੱਤੇ ਨਿਰਭਰਤਾ ਵੱਧਦੀ ਜਾਂਦੀ ਹੈ ।

# ਪਾਠ - 8
# ਖੇਤੀ ਅਧਾਰਿਤ ਉਦਯੋਗਿਕ ਧੰਦੇ

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

1. ਦਾਣਿਆਂ ਵਿੱਚ ਕਟਾਈ ਉਪਰੰਤ ਲਗਭਗ ਕਿੰਨਾ ਨੁਕਸਾਨ ਹੋ ਜਾਂਦਾ ਹੈ ?
   (ੳ) 10 ਪ੍ਰਤੀਸ਼ਤ (ਅ) 1 ਪ੍ਰਤੀਸ਼ਤ
   (ੲ) 5 ਪ੍ਰਤੀਸ਼ਤ (ਸ) 2 ਪ੍ਰਤੀਸ਼ਤ
2. ਤੋੜਨ ਤੋਂ ਬਾਅਦ ਫ਼ਲਾਂ ਅਤੇ ਸਬਜ਼ੀਆਂ ਦਾ ਲਗਭਗ ਕਿੰਨਾ ਨੁਕਸਾਨ ਹੋ ਜਾਂਦਾ ਹੈ ?
   (ੳ) 5-10 ਪ੍ਰਤੀਸ਼ਤ (ਅ) 10-15 ਪ੍ਰਤੀਸ਼ਤ
   (ੲ) 15-20 ਪ੍ਰਤੀਸ਼ਤ (ਸ) 30-40 ਪ੍ਰਤੀਸ਼ਤ
3. ਆਂਡੇ ਅਤੇ ਮਾਸ ਪ੍ਰਾਪਤ ਕਰਨ ਲਈ ਕਿਹੜਾ ਸਹਾਇਕ ਧੰਦਾ ਅਪਨਾਇਆ ਜਾਂਦਾ ਹੈ ?
   (ੳ) ਪਸ਼ੂ ਪਾਲਣ (ਅ) ਮਧੂ ਮੱਖੀ ਪਾਲਣ
   (ੲ) ਖੁੰਬਾਂ ਉਗਾਉਣਾ (ਸ) ਮੁਰਗੀ ਪਾਲਣ
4. ਅਨਾਜ ਪੀਸਣ ਲਈ ਕਿਹੜੀ ਮਸ਼ੀਨ ਦੀ ਵਰਤੋਂ ਕੀਤੀ ਜਾਂਦੀ ਹੈ ?
   (ੳ) ਆਟਾ ਚੱਕੀ (ਅ) ਪੇਂਜਾ
   (ੲ) ਕੋਹਲੂ (ਸ) ਘੁਲਾੜ੍ਹੀ
5. ਗੰਨੇ ਵਿੱਚੋਂ ਰਸ ਕੱਢਣ ਲਈ ਕਿਹੜੀ ਮਸ਼ੀਨ ਦੀ ਵਰਤੋਂ ਕੀਤੀ ਜਾਂਦੀ ਹੈ ?
   (ੳ) ਆਟਾ ਚੱਕੀ (ਅ) ਪੇਂਜਾ
   (ੲ) ਕੋਹਲੂ (ਸ) ਵੇਲਣਾ
6. ਮਸਾਲੇ ਪੀਸਣ ਲਈ ਕਿਹੜੀ ਮਸ਼ੀਨ ਦੀ ਵਰਤੋਂ ਕੀਤੀ ਜਾਂਦੀ ਹੈ ?
   (ੳ) ਗਰਾਈਂਡਰ (ਅ) ਪੇਂਜਾ
   (ੲ) ਕੋਹਲੂ (ਸ) ਘੁਲਾੜ੍ਹੀ
7. ਤੇਲ ਬੀਜਾਂ ਵਿੱਚੋਂ ਤੇਲ ਕੱਢਣ ਲਈ ਕਿਹੜੀ ਮਸ਼ੀਨ ਵਰਤੀ ਜਾਂਦੀ ਹੈ ?
   (ੳ) ਆਟਾ ਚੱਕੀ (ਅ) ਪੇਂਜਾ
   (ੲ) ਕੋਹਲੂ (ਸ) ਗਰਾਈਂਡਰ
8. 100 ਕਿਲੋ ਤਾਜ਼ੀ ਹਲਦੀ ਤੋਂ ਕਿੰਨੇ ਕਿਲੋ ਹਲਦੀ ਪਾਊਡਰ ਤਿਆਰ ਕੀਤਾ ਜਾ ਸਕਦਾ ਹੈ ?
   (ੳ) 15-20 ਕਿਲੋ (ਅ) 35-40 ਕਿਲੋ
   (ੲ) 50-55 ਕਿਲੋ (ਸ) 75-80 ਕਿਲੋ
9. 100 ਕਿਲੋ ਗੰਨੇ ਵਿੱਚੋਂ ਲਗਭਗ ਕਿੰਨਾ ਗੁੜ ਤਿਆਰ ਕੀਤਾ ਜਾ ਸਕਦਾ ਹੈ ?
   (ੳ) 75-80 ਕਿਲੋ (ਅ) 60-65 ਕਿਲੋ
   (ੲ) 40-45 ਕਿਲੋ (ਸ) 10-12 ਕਿਲੋ
10. ਸੂਰਜੀ ਊਰਜਾ ਨਾਲ ਖੇਤੀ ਵਸਤੂਆਂ ਸੁਕਾਉਣ ਲਈ ਕਿਸ ਉਪਕਰਣ ਦੀ ਵਰਤੋਂ ਕੀਤੀ ਜਾਂਦੀ ਹੈ ?
   (ੳ) ਸੋਲਰ ਡਰਾਇਅਰ (ਅ) ਸੋਲਰ ਕੁੱਕਰ
   (ੲ) ਸੋਲਰ ਲਾਲਟੈਣ (ਸ) ਸੋਲਰ ਪੰਪ

**ਉੱਤਰ :** 1. (ੳ) 2. (ਸ) 3. (ਸ) 4. (ੳ) 5. (ਸ)
6. (ੳ) 7. (ੲ) 8. (ੳ) 9. (ਸ) 10. (ੳ)

**ਹੇਠ ਲਿਖੀਆਂ ਖ਼ਾਲੀ ਥਾਵਾਂ ਵਿੱਚ ਬਰੈਕਟ ਵਿੱਚੋਂ ਸਹੀ ਸ਼ਬਦ ਚੁਣ ਕੇ ਭਰੋ :**

1. ਸਰਕਾਰ ਵੱਲੋਂ ਉਦਯੋਗ ਧੰਦੇ ਸ਼ੁਰੂ ਕਰਨ ਲਈ ........... ਵਿਆਜ਼ ਦਰਾਂ ਤੇ ਕਰਜ਼ਾ ਦਿੱਤਾ ਜਾਂਦਾ ਹੈ । (ਮਹਿੰਗੀਆਂ / ਸਸਤੀਆਂ)
2. ਖੇਤੀ ਯੋਗ ਜ਼ਮੀਨ ਦਿਨੋਂ-ਦਿਨ .................. ਜਾ ਰਹੀ ਹੈ । (ਘੱਟਦੀ / ਵੱਧਦੀ)
3. ਡੇਅਰੀ ਦੇ ਧੰਦੇ ਤੋਂ ...................... ਪ੍ਰਾਪਤ ਹੁੰਦਾ ਹੈ । (ਦੁੱਧ / ਸ਼ਹਿਦ)
4. ਕੋਹਲੂ ਨਾਲ ................ ਵਿੱਚੋਂ ਤੇਲ ਕੱਢਿਆ ਜਾਂਦਾ ਹੈ । (ਤੇਲ ਬੀਜਾਂ / ਅਨਾਜ)
5. ਖੇਤੀ ਵਸਤੂਆਂ ਦੀ ਪ੍ਰੋਸੈਸਿੰਗ ਕਰਨ ਨਾਲ ਮੁਨਾਫਾ ................. ਹੁੰਦਾ ਹੈ । (ਘੱਟ / ਵੱਧ)
6. ਹਲਦੀ ਧੋਣ ਵਾਲੀ ਮਸ਼ੀਨ ਇੱਕ ਘੰਟੇ ਵਿੱਚ ................ ਹਲਦੀ ਧੋ ਸਕਦੀ ਹੈ । (3 ਕਿਲੋ / 3 ਕੁਇੰਟਲ)
7. ਮੈਥਾ ਪ੍ਰੋਸੈਸਿੰਗ ਪਲਾਂਟ ਵਿੱਚ .................... ਦਾ ਤੇਲ ਕੱਢਿਆ ਜਾਂਦਾ ਹੈ । (ਸਰੋਂ / ਮੈਂਥੇ)
8. ਹਲਦੀ ਉਪਰਲੀ ਭੂਰੀ ਸਤਾ ਨੂੰ ਲਾਹੁਣ ਲਈ ਉਸ ਨੂੰ ................. ਕੀਤਾ ਜਾਂਦਾ ਹੈ । (ਪਾਲਿਸ਼ / ਰੰਗ)
9. ਹਲਦੀ ਨੂੰ ਪੀਸਣ ਲਈ ........................ ਦੀ ਵਰਤੋਂ ਕੀਤੀ ਜਾਂਦੀ ਹੈ । (ਕੋਹਲੂ / ਗਰਾਈਂਡਰ)
10. ................. ਵਿੱਚ ਮੈਂਥੇ ਦੇ ਤੇਲ ਅਤੇ ਪਾਣੀ ਦੇ ਮਿਸ਼ਰਣ ਨੂੰ ਇਕੱਠਾ ਕੀਤਾ ਜਾਂਦਾ ਹੈ । (ਸੈਪਰੇਟਰ / ਫਰੀਜ਼ਰ)

**ਉੱਤਰ :** 1. ਸਸਤੀਆਂ 2. ਘੱਟਦੀ 3. ਦੁੱਧ 4. ਤੇਲ ਬੀਜਾਂ 5. ਵੱਧ
6. 3 ਕੁਇੰਟਲ 7. ਮੈਂਥੇ 8. ਪਾਲਿਸ਼ 9. ਗਰਾਈਂਡਰ 10. ਸੈਪਰੇਟਰ

**ਹੇਠ ਲਿਖੇ ਕਥਨਾਂ ਵਿੱਚੋਂ ਸਹੀ / ਗਲਤ ਚੁਣੋ :**

1. ਨੌਕਰੀਆਂ ਦੀ ਸੀਮਤ ਗਿਣਤੀ ਹੋਣ ਕਾਰਨ ਪੜ੍ਹੇ-ਲਿਖੇ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਵੱਧਦੀ ਜਾ ਰਹੀ ਹੈ ।
2. ਭਾਰਤ ਵਿੱਚ ਪ੍ਰੋਸੈਸਿੰਗ ਦੇ ਵਧੀਆ ਸਾਧਨਾਂ ਦੀ ਕਮੀ ਹੋਣ ਕਾਰਨ ਕਟਾਈ ਤੋਂ ਬਾਅਦ ਫ਼ਸਲਾਂ ਦਾ ਬਹੁਤ ਨੁਕਸਾਨ ਹੋ ਜਾਂਦਾ ਹੈ ।
3. ਤੋੜਨ ਤੋਂ ਬਾਅਦ ਫ਼ਲ ਅਤੇ ਸਬਜ਼ੀਆਂ ਬਹੁਤ ਘੱਟ ਖਰਾਬ ਹੁੰਦੀਆਂ ਹਨ ।
4. ਭਾਰਤ ਵਿੱਚ ਦਿਨੋਂ-ਦਿਨ ਖੇਤੀ ਯੋਗ ਜ਼ਮੀਨ ਵੱਧ ਰਹੀ ਹੈ ।
5. ਜੇ ਕਿਸਾਨ ਖੇਤੀ ਵਸਤੂਆਂ ਦੀ ਖੁਦ ਮਾਰਕੀਟਿੰਗ ਕਰਦਾ ਹੈ ਤਾਂ ਉਸ ਨੂੰ ਮੁਨਾਫ਼ਾ ਵੱਧ ਮਿਲਦਾ ਹੈ ।
6. ਹਲਦੀ ਨੂੰ ਵੱਡੇ ਪ੍ਰੈਸ਼ਰ ਕੁੱਕਰ ਵਿੱਚ ਘੱਟ ਸਮੇਂ ਵਿੱਚ ਉਬਾਲਿਆ ਜਾ ਸਕਦਾ ਹੈ ।
7. ਮੈਂਥੇ ਦਾ ਤੇਲ ਭਾਰਾ ਹੋਣ ਕਾਰਨ ਸੈਪਰੇਟਰ ਵਿੱਚ ਹੇਠਾਂ ਬੈਠ ਜਾਂਦਾ ਹੈ ।
8. 100 ਕਿਲੋ ਤਾਜ਼ੀ ਹਲਦੀ ਤੋਂ 100 ਕਿਲੋ ਹਲਦੀ ਪਾਊਡਰ ਤਿਆਰ ਕੀਤਾ ਜਾ ਸਕਦਾ ਹੈ ।
9. ਕਿਸਾਨ ਘੁਲਾੜ੍ਹੀ ਲਗਾ ਕੇ ਗੁੜ ਅਤੇ ਸ਼ੱਕਰ ਤਿਆਰ ਕਰਕੇ ਵੱਧ ਮੁਨਾਫਾ ਕਮਾ ਸਕਦੇ ਹਨ ।
10. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਹਰ ਮਹੀਨੇ ਕ੍ਰਿਸ਼ੀ ਜਾਗਰਣ ਮੈਗਜ਼ੀਨ ਪ੍ਰਕਾਸ਼ਤ ਕੀਤਾ ਜਾਂਦਾ ਹੈ ।

**ਉੱਤਰ :**

| | | | | | | | | | |
|---|---|---|---|---|---|---|---|---|---|
| 1. | ਸਹੀ | 2. | ਸਹੀ | 3. | ਗਲਤ | 4. | ਗਲਤ | 5. | ਸਹੀ |
| 6. | ਸਹੀ | 7. | ਗਲਤ | 8. | ਗਲਤ | 9. | ਸਹੀ | 10. | ਗਲਤ |

**ਸਹੀ ਮਿਲਾਨ ਕਰੋ :**

| | | | |
|---|---|---|---|
| 1. | ਗੰਨੇ ਦਾ ਰਸ ਕੱਢਣ ਵਾਲੀ ਮਸ਼ੀਨ | (i) | ਮੇਥੀ, ਮੇਥੇ, ਧਨੀਆਂ, ਮਿਰਚਾਂ, ਲਸਣ |
| 2. | ਸੁਕਾ ਕੇ ਪੈਕ ਕੀਤੀਆਂ ਜਾ ਸਕਣ ਵਾਲੀਆਂ ਸਬਜ਼ੀਆਂ | (ii) | ਕੋਹਲੂ |
| 3. | ਆਟਾ ਚੱਕੀ | (iii) | ਚੰਗੀ ਖੇਤੀ |
| 4. | ਪੀ. ਏ. ਯੂ. ਵੱਲੋਂ ਪ੍ਰਕਾਸ਼ਤ ਮਾਸਿਕ ਪੰਜਾਬੀ ਮੈਗਜ਼ੀਨ | (iv) | ਘੁਲਾੜ੍ਹੀ / ਵੇਲਣਾ |
| 5. | ਤੇਲ ਬੀਜਾਂ ਵਿੱਚੋਂ ਤੇਲ ਕੱਢਣ ਵਾਲੀ ਮਸ਼ੀਨ | (v) | ਅਨਾਜ ਪੀਸਣਾ |

**ਉੱਤਰ :** 1. (iv) 2. (i) 3. (v) 4. (iii) 5. (ii)

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਇੱਕ-ਦੋ ਵਾਕਾਂ ਵਿੱਚ ਦਿਓ :**

1. **ਕਿਹੜੇ ਮੁੱਖ ਸਾਧਨਾਂ ਦੀ ਕਮੀ ਕਰਕੇ ਸਾਡੇ ਦੇਸ਼ ਵਿੱਚ ਅਨਾਜ ਦਾ ਨੁਕਸਾਨ ਹੋ ਜਾਂਦਾ ਹੈ ?**

- ਸਾਡੇ ਦੇਸ਼ ਵਿੱਚ ਭੰਡਾਰਨ ਅਤੇ ਪ੍ਰੋਸੈਸਿੰਗ ਦੇ ਵਧੀਆ ਸਾਧਨਾਂ ਦੀ ਕਮੀ ਹੋਣ ਕਰਕੇ, ਕਟਾਈ ਤੋਂ ਬਾਅਦ ਫ਼ਸਲਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋ ਜਾਂਦਾ ਹੈ ।

2. **ਕੋਹਲੂ ਕੀ ਕੰਮ ਆਉਂਦਾ ਹੈ ?**

- ਕੋਹਲੂ ਨਾਲ ਸਰੋਂ, ਤਾਰਮੀਰਾ, ਅਲਸੀ, ਤੋਰੀਆ ਆਦਿ ਤੇਲ ਬੀਜਾਂ ਵਿੱਚੋਂ ਤੇਲ ਕੱਢਿਆ ਜਾਂਦਾ ਹੈ ।

3. **ਹਲਦੀ ਦੀ ਵਰਤੋਂ ਕਿੱਥੇ-ਕਿੱਥੇ ਕੀਤੀ ਜਾਂਦੀ ਹੈ ?**

- ਹਲਦੀ ਦੀ ਵਰਤੋਂ ਕੜ੍ਹੀ, ਤਰੀ, ਚਟਣੀਆਂ ਅਤੇ ਕਈ ਤਰ੍ਹਾਂ ਦੀਆਂ ਸਬਜ਼ੀਆਂ ਵਿੱਚ ਸੁਆਦ, ਸੁਗੰਧ ਅਤੇ ਵਧੀਆ ਰੰਗ ਦੇਣ ਲਈ ਕੀਤੀ ਜਾਂਦੀ ਹੈ । ਇਸ ਤੋਂ ਇਲਾਵਾ ਹਲਦੀ ਨੂੰ ਸੁੰਦਰਤਾ ਦੇ ਸਮਾਨ ਅਤੇ ਦਵਾਈਆਂ ਬਣਾਉਣ ਲਈ ਵੀ ਵਰਤਿਆ ਜਾਂਦਾ ਹੈ ।

4. **ਮੈਂਥੇ ਦਾ ਤੇਲ ਕੀ ਕੰਮ ਆਉਂਦਾ ਹੈ ?**

- ਮੈਂਥੇ ਦੇ ਤੇਲ ਨੂੰ ਦਵਾਈਆਂ, ਇਤਰ, ਸ਼ਿੰਗਾਰ ਦਾ ਸਮਾਨ ਅਤੇ ਟਾਫੀਆਂ ਆਦਿ ਬਣਾਉਣ ਲਈ ਵਰਤਿਆ ਜਾਂਦਾ ਹੈ ।

5. **ਕਿਸਾਨ ਗੰਨੇ ਤੋਂ ਗੁੜ, ਸ਼ੱਕਰ ਕਿਵੇਂ ਤਿਆਰ ਕਰ ਸਕਦੇ ਹਨ ?**

- ਕਿਸਾਨ ਖੇਤ ਵਿੱਚ ਹੀ ਘੁਲਾੜ੍ਹੀ ਜਾਂ ਵੇਲਣਾ ਲਗਾ ਕੇ ਗੰਨਾ ਪੀੜ ਸਕਦੇ ਹਨ ਅਤੇ ਰਸ ਵਿੱਚੋਂ ਪਾਣੀ ਕਾੜ੍ਹ ਕੇ ਗੁੜ, ਸ਼ੱਕਰ ਆਦਿ ਬਣਾ ਸਕਦੇ ਹਨ । ਇੱਕ ਕੁਇੰਟਲ ਗੰਨੇ ਵਿੱਚੋਂ ਲਗਭਗ 10-12 ਕਿਲੋ ਗੁੜ ਤਿਆਰ ਹੋ ਜਾਂਦਾ ਹੈ ।

6. **ਸੋਲਰ ਡਰਾਇਅਰ ਵਿੱਚ ਕਿਹੜੀਆਂ-ਕਿਹੜੀਆਂ ਖੇਤੀ ਵਸਤੂਆਂ ਨੂੰ ਸੁਕਾਇਆ ਜਾ ਸਕਦਾ ਹੈ ?**

- ਸੂਰਜੀ ਊਰਜਾ ਨਾਲ ਚੱਲਣ ਵਾਲੇ ਡਰਾਇਅਰ ਵਿੱਚ ਮੇਥੀ, ਮੇਥੇ, ਧਨੀਆ, ਮਿਰਚਾਂ, ਲਸਣ, ਪੁਦੀਨਾ, ਸਰ੍ਹੋਂ ਦੇ ਪੱਤੇ, ਪਾਲਕ ਆਦਿ ਨੂੰ ਸੁਕਾਇਆ ਜਾ ਸਕਦਾ ਹੈ ।

7. **ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਹਰ ਮਹੀਨੇ ਕਿਹੜੇ ਖੇਤੀ ਮੈਗਜ਼ੀਨ ਪ੍ਰਕਾਸ਼ਤ ਕੀਤੇ ਜਾਂਦੇ ਹਨ ?**

- ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਹਰ ਮਹੀਨੇ ਪੰਜਾਬੀ ਵਿੱਚ ਚੰਗੀ ਖੇਤੀ ਅਤੇ ਅੰਗਰੇਜ਼ੀ ਵਿੱਚ ਪ੍ਰੋਗਰੈਸਿਵ ਫਾਰਮਿੰਗ ਮੈਗਜ਼ੀਨ ਪ੍ਰਕਾਸ਼ਤ ਕੀਤੇ ਜਾਂਦੇ ਹਨ ।

8. **ਪਿੰਡਾਂ ਵਿੱਚ ਛੋਟੇ ਕਾਰਖਾਨੇ ਲਗਾਉਣ ਦੇ ਕੋਈ ਤਿੰਨ ਲਾਭ ਲਿਖੋ ।**

   (i) ਕਾਰਖਾਨੇ ਲਗਾਉਣ ਵਾਲਾ ਉੱਦਮੀ 10 ਹਜ਼ਾਰ ਤੋਂ ਲੈ ਕੇ 50 ਹਜ਼ਾਰ ਰੁਪਏ ਮਹੀਨਾ ਤੱਕ ਕਮਾ ਸਕਦਾ ਹੈ ।
   (ii) ਪੇਂਡੂ ਲੋਕਾਂ ਨੂੰ ਰੁਜ਼ਗਾਰ ਮਿਲਦਾ ਹੈ ।
   (iii) ਪਿੰਡ ਵਾਸੀਆਂ ਨੂੰ ਵਧੀਆ ਕੁਆਲਟੀ ਦੀਆਂ ਚੀਜ਼ਾਂ ਵਾਜਿਬ ਰੇਟ 'ਤੇ ਪਿੰਡ ਵਿੱਚ ਹੀ ਮਿਲ ਜਾਂਦੀਆਂ ਹਨ ।

9. **ਖੇਤੀ ਅਧਾਰਿਤ ਉਦਯੋਗ ਧੰਦੇ ਸ਼ੁਰੂ ਕਰਨ ਲਈ ਸਰਕਾਰ ਵੱਲੋਂ ਕੀ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ ?**

- ਸਰਕਾਰ ਵੱਲੋਂ ਖੇਤੀ ਨਾਲ ਸਬੰਧਤ ਉਦਯੋਗ ਧੰਦੇ ਸ਼ੁਰੂ ਕਰਨ ਲਈ ਸਿਖਲਾਈ ਦਿੱਤੀ ਜਾਂਦੀ ਹੈ । ਇਸ ਲਈ ਘੱਟ ਵਿਆਜ਼ ਦੇ ਕਰਜ਼ੇ ਦੇ ਕੇ ਸਰਕਾਰ ਵੱਲੋਂ ਸਬਸਿਡੀ ਵੀ ਦਿੱਤੀ ਜਾਂਦੀ ਹੈ ।

10. ***ਅਨਾਜ, ਫ਼ਲਾਂ ਅਤੇ ਸਬਜ਼ੀਆਂ ਵਿੱਚ ਕਟਾਈ ਉਪਰੰਤ ਕਿੰਨਾ ਨੁਕਸਾਨ ਹੋ ਜਾਂਦਾ ਹੈ ?***

- ਦਾਣਿਆਂ ਵਿੱਚ ਕਟਾਈ ਉਪਰੰਤ ਲਗਭਗ 10% ਨੁਕਸਾਨ ਹੋ ਜਾਂਦਾ ਹੈ ਜਦ ਕਿ ਫ਼ਲਾਂ ਅਤੇ ਸਬਜ਼ੀਆਂ ਵਿੱਚ ਇਹ ਨੁਕਸਾਨ 30-40% ਤੱਕ ਹੋ ਜਾਂਦਾ ਹੈ ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਤਿੰਨ-ਚਾਰ ਵਾਕਾਂ ਵਿੱਚ ਦਿਓ :**

1. **ਐਗਰੋ ਪ੍ਰੋਸੈਸਿੰਗ ਕੰਪਲੈਕਸਜ਼ ਵਿੱਚ ਲਗਾਈਆਂ ਜਾ ਸਕਣ ਵਾਲੀਆਂ ਕਿਸੇ ਚਾਰ ਮਸ਼ੀਨਾਂ ਦੇ ਨਾਂ ਲਿਖੋ ।**

- (i) ਮਿੰਨੀ ਚਾਵਲ ਮਿਲ (ii) ਆਟਾ ਚੱਕੀ (iii) ਤੇਲ ਕੱਢਣ ਵਾਲਾ ਕੋਹਲੂ
  (iv) ਗਰਾਈਂਡਰ (v) ਪੇਂਜਾ (vi) ਅਨਾਜ/ਦਾਲਾਂ ਦਾ ਕਲੀਨਰ-ਗਰੇਡਰ
  (vii) ਮਿੰਨੀ ਦਾਲ ਮਿੱਲ (viii) ਛੋਟੀ ਫੀਡ ਮਿੱਲ

2. **ਹਲਦੀ ਦੀ ਪ੍ਰੋਸੈਸਿੰਗ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਵਿਕਸਿਤ ਕੀਤੀ ਗਈ ਮਸ਼ੀਨ ਬਾਰੇ ਲਿਖੋ ।**

- ਹਲਦੀ ਦੀ ਪ੍ਰੋਸੈਸਿੰਗ ਕਰਨ ਲਈ ਤਾਜ਼ੀ ਹਲਦੀ ਦੀਆਂ ਗੰਢੀਆਂ ਨੂੰ ਧੋਤਾ ਜਾਂਦਾ ਹੈ । ਇਸ ਕੰਮ ਵਾਸਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਇੱਕ ਮਸ਼ੀਨ ਵਿਕਸਿਤ ਕੀਤੀ ਹੈ ਜਿਸ ਨਾਲ ਇੱਕ ਘੰਟੇ ਵਿੱਚ 2.5 ਕੁਇੰਟਲ ਤੋਂ 3.0 ਕੁਇੰਟਲ ਤੱਕ ਹਲਦੀ ਨੂੰ ਧੋਤਾ ਅਤੇ ਪਾਲਿਸ਼ ਕੀਤਾ ਜਾ ਸਕਦਾ ਹੈ ।

3. **ਮੈਂਥੇ ਵਿੱਚੋਂ ਤੇਲ ਕਿਵੇਂ ਕੱਢਿਆ ਜਾਂਦਾ ਹੈ ?**

- ਮੈਂਥੇ ਦੇ ਪੱਤਿਆਂ ਨੂੰ ਧੁੱਪ ਵਿੱਚ ਸੁਕਾ ਕੇ ਹਵਾ ਬੰਦ ਟੈਂਕਾਂ ਵਿੱਚ ਪਾ ਕੇ ਪ੍ਰੈਸ਼ਰ ਰਾਹੀਂ ਭਾਫ਼ ਅੰਦਰ ਭੇਜੀ ਜਾਂਦੀ ਹੈ । ਇਸ ਤੋਂ ਬਾਅਦ ਤੇਲ ਅਤੇ ਭਾਫ਼ ਦੇ ਕਣਾਂ ਨੂੰ ਇਕਦਮ ਠੰਢਾ ਕਰ ਕੇ ਪਾਣੀ ਅਤੇ ਤੇਲ ਦੇ ਮਿਸ਼ਰਣ ਨੂੰ ਇੱਕ ਟੈਂਕ (ਸੈਪਰੇਟਰ) ਵਿੱਚ ਇਕੱਠਾ ਕੀਤਾ ਜਾਂਦਾ ਹੈ । ਤੇਲ ਹਲਕਾ ਹੋਣ ਕਰਕੇ ਇਸ ਨੂੰ ਉਪਰੋਂ ਨਿਤਾਰ ਕੇ ਪਲਾਸਟਿਕ ਦੇ ਬਰਤਨਾਂ ਵਿੱਚ ਸਟੋਰ ਕੀਤਾ ਜਾਂਦਾ ਹੈ ।

4. **ਫ਼ਲ ਅਤੇ ਸਬਜ਼ੀਆਂ ਦੀ ਪ੍ਰੋਸੈਸਿੰਗ ਲਈ ਜ਼ਿਆਦਾ ਸਰਮਾਏ ਨਾਲ ਕਿਹੜੇ-ਕਿਹੜੇ ਕਾਰਖਾਨੇ ਲਗਾਏ ਜਾ ਸਕਦੇ ਹਨ ?**

- ਫ਼ਲਾਂ ਅਤੇ ਸਬਜ਼ੀਆਂ ਦੀ ਪ੍ਰੋਸੈਸਿੰਗ ਲਈ ਡੀਹਾਈਡ੍ਰੇਸ਼ਨ ਪਲਾਂਟ ਅਤੇ ਫ਼ਰੀਜਿੰਗ ਪਲਾਂਟ ਆਦਿ ਲਗਾਏ ਜਾ ਸਕਦੇ ਹਨ । ਇਨ੍ਹਾਂ ਇਕਾਈਆਂ ਨੂੰ ਲਗਾਉਣ ਲਈ ਲਭਗਗ 30 ਲੱਖ ਜਾਂ ਇਸ ਤੋਂ ਵੱਧ ਰੁਪਏ ਦੀ ਲੋੜ ਪੈਂਦੀ ਹੈ । ਇਨ੍ਹਾਂ ਵਿੱਚ ਕਈ ਤਰ੍ਹਾਂ ਦੀਆਂ ਮਸ਼ੀਨਾਂ ਜਿਵੇਂ ਬਲਾਂਚਰ, ਧੋਣ ਵਾਲੀ ਮਸ਼ੀਨ, ਸਲਾਈਸਰ, ਪ੍ਰੀ-ਕੂਲਰ ਅਤੇ ਫ਼ਰੀਜਿੰਗ ਇਕਾਈਆਂ ਹੁੰਦੀਆਂ ਹਨ ।

5. **ਕੱਚੀ ਹਲਦੀ ਤੋਂ ਹਲਦੀ ਪਾਊਡਰ ਕਿਵੇਂ ਤਿਆਰ ਕੀਤਾ ਜਾਂਦਾ ਹੈ ?**

- ਕੱਚੀ ਹਲਦੀ ਨੂੰ ਧੋ ਕੇ ਹਲਦੀ ਦੀਆਂ ਗੰਢੀਆਂ ਨੂੰ ਪੋਲੀਆਂ ਅਤੇ ਰੰਗ ਇਕਸਾਰ ਕਰਨ ਲਈ ਇੱਕ ਘੰਟੇ ਤੱਕ ਉਬਾਲਿਆ ਜਾਂਦਾ ਹੈ । ਫਿਰ ਉਸ ਨੂੰ ਚੰਗੀ ਧੁੱਪ ਵਿੱਚ ਲਗਭਗ 15 ਦਿਨਾਂ ਤੱਕ ਸੁਕਾਇਆ ਜਾਂਦਾ ਹੈ ਜਦੋਂ ਤੱਕ ਇਸ ਵਿੱਚ 10% ਤੋਂ ਘੱਟ ਰਹਿ ਜਾਵੇ । ਫਿਰ ਇਸ ਦੀ ਭੂਰੀ ਸੜ੍ਹਾ ਨੂੰ ਲਾਹੁਣ ਲਈ ਮਸ਼ੀਨ ਨਾਲ ਪਾਲਿਸ਼ ਕੀਤਾ ਜਾਂਦਾ ਹੈ । ਪਾਲਿਸ਼ ਕਰਨ ਤੋਂ ਬਾਅਦ ਹਲਦੀ ਨੂੰ ਗਰਾਈਂਡਰ (ਹੈਮਰ ਮਿੱਲ ਜਾਂ ਚੱਕੀ) ਵਿੱਚ ਪਾ ਕੇ ਪੀਸ ਲਿਆ ਜਾਂਦਾ ਹੈ ।

# ਪਾਠ - 9
# ਤਸਦੀਕਸ਼ੁਦਾ ਬੀਜ ਉਤਪਾਦਨ

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

1. ਪੰਜਾਬ ਵਿੱਚ ਮੱਧਰੇ ਕੱਦ ਵਾਲੀਆਂ ਕਣਕ ਦੀਆਂ ਕਿਸਮਾਂ ਦੀ ਪਹਿਲੀ ਵਾਰ ਕਾਸ਼ਤ ਕਦੋਂ ਕੀਤੀ ਗਈ ਸੀ ?
   (ੳ) 1965-66 (ਅ) 1955-56
   (ੲ) 1945-46 (ਸ) 1905-06
2. 'ਲਰਮਾ ਰੋਹੋ' ਅਤੇ 'ਸੋਨਾਰਾ-64' ਕਿਹੜੀ ਫ਼ਸਲ ਦੀਆਂ ਕਿਸਮਾਂ ਹਨ ?
   (ੳ) ਝੋਨਾ (ਅ) ਮੱਕੀ
   (ੲ) ਨਰਮਾ (ਸ) ਕਣਕ
3. ਝੋਨੇ ਦੇ ਤਸਦੀਕਸ਼ੁਦਾ ਬੀਜਾਂ ਦੀ ਸ਼ੁੱਧਤਾ ਕਿੰਨੇ ਫੀਸਦੀ ਤੋਂ ਘੱਟ ਨਹੀਂ ਹੋਣੀ ਚਾਹੀਦੀ ?
   (ੳ) 80 ਫੀਸਦੀ (ਅ) 98 ਫੀਸਦੀ
   (ੲ) 13 ਫੀਸਦੀ (ਸ) 12 ਫੀਸਦੀ
4. ਕਣਕ ਦੇ ਤਸਦੀਕਸ਼ੁਦਾ ਬੀਜਾਂ ਵਿੱਚ ਨਮੀ ਕਿੰਨੇ ਫੀਸਦੀ ਤੋਂ ਵੱਧ ਨਹੀਂ ਹੋਣੀ ਚਾਹੀਦੀ ?
   (ੳ) 80 ਫੀਸਦੀ (ਅ) 98 ਫੀਸਦੀ
   (ੲ) 13 ਫੀਸਦੀ (ਸ) 12 ਫੀਸਦੀ
5. ਤਸਦੀਕਸ਼ੁਦਾ ਬੀਜ ਦੇ ਥੈਲੇ ਉੱਪਰ ਕਿੰਨੇ ਰੰਗ ਦੇ ਟੈਗ ਲੱਗੇ ਹੁੰਦੇ ਹਨ ?
   (ੳ) ਇੱਕ (ਅ) ਚਾਰ
   (ੲ) ਦੋ (ਸ) ਤਿੰਨ
6. ਭਾਰਤ ਵਿੱਚ ਬੀਜ ਕਾਨੂੰਨ ਕਿਹੜੇ ਸਾਲ ਲਾਗੂ ਕੀਤਾ ਗਿਆ ਸੀ ?
   (ੳ) 1966 (ਅ) 1906
   (ੲ) 1986 (ਸ) 1996
7. ਬਰੀਡਰ ਬੀਜ ਦੇ ਉੱਪਰ ਕਿਹੜੇ ਰੰਗ ਦਾ ਟੈਗ ਲੱਗਿਆ ਹੁੰਦਾ ਹੈ ?
   (ੳ) ਨੀਲਾ (ਅ) ਗੋਲਡਨ
   (ੲ) ਸਫੈਦ (ਸ) ਹਰਾ
8. ਜੇ ਕਿਸੇ ਬੀਜ ਨੂੰ ਤਸਦੀਕਸ਼ੁਦਾ ਨਹੀਂ ਕਰਵਾਇਆ ਗਿਆ ਤਾਂ ਅਜਿਹੇ ਬੀਜ ਨੂੰ ਕੀ ਕਹਿੰਦੇ ਹਨ ?
   (ੳ) ਬੁਨਿਆਦੀ ਬੀਜ (ਅ) ਬਰੀਡਰ ਬੀਜ
   (ੲ) ਮੁੱਢਲਾ ਬੀਜ (ਸ) ਟੀ. ਐਲ. ਬੀਜ
9. ਪੰਜਾਬ ਰਾਜ ਬੀਜ ਪ੍ਰਮਾਣਿਤ ਸੰਸਥਾ ਦਾ ਮੁੱਖ ਦਫ਼ਤਰ ਕਿੱਥੇ ਸਥਿਤ ਹੈ ?
   (ੳ) ਕੋਟਕਪੂਰਾ (ਅ) ਲੁਧਿਆਣਾ
   (ੲ) ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) (ਸ) ਬਠਿੰਡਾ
10. ਬੀਜ ਸਾਫ਼ ਕਰਨ ਵਾਲੀ ਮਸ਼ੀਨ ਨੂੰ ਕੀ ਕਹਿੰਦੇ ਹਨ ?
    (ੳ) ਰੋਟਾਵੇਟਰ (ਅ) ਸੀਡ ਡਰਿੱਲ
    (ੲ) ਲੇਜ਼ਰ ਲੈਵਲਰ (ਸ) ਸੀਡ ਗਰੇਡਰ

**ਉੱਤਰ :**

| | | | | | | | | | |
|---|---|---|---|---|---|---|---|---|---|
| 1. | (ੳ) | 2. | (ਸ) | 3. | (ਅ) | 4. | (ੲ) | 5. | (ੲ) |
| 6. | (ੳ) | 7. | (ਅ) | 8. | (ਸ) | 9. | (ੲ) | 10. | (ਸ) |

**ਹੇਠ ਲਿਖੀਆਂ ਖ਼ਾਲੀ ਥਾਵਾਂ ਵਿੱਚ ਬਰੈਕਟ ਵਿੱਚੋਂ ਸਹੀ ਸ਼ਬਦ ਚੁਣ ਕੇ ਭਰੋ :**

1. ਹਰੀ ਕ੍ਰਾਂਤੀ ..................... ਕੱਦ ਦੀਆਂ ਮੈਕਸੀਕਨ ਕਣਕ ਦੀਆਂ ਕਿਸਮਾਂ ਬੀਜਣ ਨਾਲ ਆਈ ਸੀ । (ਲੰਬੇ / ਮੱਧਰੇ)
2. ਹਾਈਬ੍ਰਿਡ ਬੀਜ .......................... ਹੁੰਦੇ ਹਨ । (ਮਹਿੰਗੇ / ਸਸਤੇ)
3. ਪੀ. ਬੀ. ਡਬਲਯੂ. 677, ਐਚ. ਡੀ. 3086 ..................... ਦੀਆਂ ਉੱਨਤ ਕਿਸਮਾਂ ਹਨ । (ਝੋਨੇ / ਕਣਕ)
4. ਕਣਕ ਦੇ ਪ੍ਰਮਾਣਿਤ ਬੀਜਾਂ ਦੀ ਉੱਗਣ ਸ਼ਕਤੀ ................ ਤੋਂ ਘੱਟ ਨਹੀਂ ਹੋਣ ਚਾਹੀਦੀ । (85% / 80%)
5. ਬੀਜ ਕਾਨੂੰਨ 1966 ਅਨੁਸਾਰ ਬੀਜਾਂ ਨੂੰ ................... ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ । (ਤਿੰਨ / ਚਾਰ)
6. ਮਲਟੀਨੈਸ਼ਨਲ ਕੰਪਨੀਆਂ ਜ਼ਿਆਦਾਤਰ ................. ਬੀਜਾਂ ਦਾ ਕਾਰੋਬਾਰ ਕਰਦੀਆਂ ਹਨ । (ਦੇਸੀ / ਹਾਈਬ੍ਰਿਡ)
7. ਸਫੈਦ ਰੰਗ ਦਾ ਟੈਗ ................ ਬੀਜ ਨੂੰ ਪੈਕਿੰਗ ਕਰਨ ਵੇਲੇ ਲਗਾਇਆ ਜਾਂਦਾ ਹੈ । (ਬੁਨਿਆਦੀ / ਬਰੀਡਰ)
8. ਤਸਦੀਕਸ਼ੁਦਾ ਬੀਜ ਨੂੰ ................. ਪਰਖ ਪ੍ਰਯੋਗਸ਼ਾਲਾ ਵਿੱਚ ਪਰਖ ਕੀਤਾ ਜਾਂਦਾ ਹੈ । (ਕੀਟਨਾਸ਼ਕ / ਬੀਜ)
9. ਪੰਜਾਬ ਵਿੱਚ ਬੀਜ ਵਪਾਰ ਸ਼ੁਰੂ ਕਰਨ ਲਈ ............... ਸਭ ਤੋਂ ਢੁਕਵੀਂ ਫ਼ਸਲ ਹੈ । (ਕਣਕ / ਗੁਆਰਾ)
10. ਬੀਜ ਉਤਪਾਦਨ ਸ਼ੁਰੂ ਕਰਨ ਲਈ .......................... ਦੇ ਰਜਿਸਟਰਡ ਕਿਸਾਨ ਬਣਨਾ ਚਾਹੀਦਾ ਹੈ । (ਪਨਬੱਸ / ਪਨਸੀਡ)

**ਉੱਤਰ :**

| | | | | | | | | | |
|---|---|---|---|---|---|---|---|---|---|
| 1. | ਮੱਧਰੇ | 2. | ਮਹਿੰਗੇ | 3. | ਕਣਕ | 4. | 85% | 5. | ਚਾਰ |
| 6. | ਦੇਸੀ | 7. | ਬੁਨਿਆਦੀ | 8. | ਬੀਜ | 9. | ਕਣਕ | 10. | ਪਨਸੀਡ |

**ਹੇਠ ਲਿਖੇ ਕਥਨਾਂ ਵਿੱਚੋਂ ਸਹੀ / ਗਲਤ ਚੁਣੋ :**

1. ਕਿਸੇ ਵੀ ਫ਼ਸਲ ਤੋਂ ਵੱਧ ਝਾੜ ਲੈਣ ਲਈ ਵਧੀਆ ਕੁਆਲਟੀ ਦਾ ਬੀਜ ਇੱਕ ਮੁੱਢਲੀ ਜ਼ਰੂਰਤ ਹੈ ।
2. ਬੀਜ ਨੂੰ ਬਾਹਰੋਂ ਦੇਖ ਕੇ ਅਸੀਂ ਉਸ ਦੇ ਜੱਦੀ-ਪੁਸ਼ਤੀ ਗੁਣਾਂ ਦਾ ਅਨੁਮਾਨ ਲਗਾ ਸਕਦੇ ਹਾਂ ।
3. ਟੁੱਟੇ ਹੋਏ ਬੀਜਾਂ ਤੋਂ ਫ਼ਸਲ ਦਾ ਵੱਧ ਝਾੜ ਲਿਆ ਜਾ ਸਕਦਾ ਹੈ ।
4. 'ਪੰਜਾਬ ਦੀਆਂ ਫ਼ਸਲਾਂ ਲਈ ਸਿਫਾਰਿਸ਼ਾਂ' ਕਿਤਾਬ ਹਰਿਆਣਾ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਛਾਪੀ ਗਈ ਹੈ ।
5. ਝੋਨੇ ਦੇ ਤਸਦੀਕਸ਼ੁਦਾ ਬੀਜਾਂ ਦੀ ਘੱਟੋ-ਘੱਟ ਉੱਗਣ ਸ਼ਕਤੀ 80% ਹੋਣੀ ਚਾਹੀਦੀ ਹੈ ।
6. ਬੁਨਿਆਦੀ ਬੀਜ ਉੱਪਰ ਕੋਈ ਟੈਗ ਨਹੀਂ ਲੱਗਾ ਹੁੰਦਾ ।
7. ਟੀ. ਐਲ. ਬੀਜ ਨੂੰ ਬਰੀਡਰ ਬੀਜ ਵੀ ਕਿਹਾ ਜਾਂਦਾ ਹੈ ।
8. ਕਿਸਾਨਾਂ ਨੂੰ ਸਹੀ ਨਸਲ ਦਾ ਬੀਜ ਵਾਜਬ ਕੀਮਤਾਂ ਤੇ ਪ੍ਰਾਪਤ ਕਰਾਉਣ ਲਈ ਕੀਟਨਾਸ਼ਕ ਐਕਟ ਲਾਗੂ ਕੀਤਾ ਗਿਆ ਹੈ ।
9. ਤਸਦੀਕਸ਼ੁਦਾ ਬੀਜ, ਬੁਨਿਆਦੀ ਬੀਜ ਤੋਂ ਤਿਆਰ ਕੀਤਾ ਜਾਂਦਾ ਹੈ ।
10. ਬੀਜ ਪਰਖ ਪ੍ਰਯੋਗਸ਼ਾਲਾ ਵਿੱਚ ਖਾਦਾਂ ਦੇ ਵੱਖ-ਵੱਖ ਮਿਆਰਾਂ ਦੀ ਪਰਖ ਕੀਤੀ ਜਾਂਦੀ ਹੈ ।

**ਉੱਤਰ :** 1. ਸਹੀ 2. ਗਲਤ 3. ਗਲਤ 4. ਗਲਤ 5. ਸਹੀ
6. ਗਲਤ 7. ਗਲਤ 8. ਗਲਤ 9. ਸਹੀ 10. ਗਲਤ

**ਸਹੀ ਮਿਲਾਨ ਕਰੋ :**

| | |
|---|---|
| 1. ਮੈਕਸੀਕਨ ਕਣਕ | (i) ਪੰਜਾਬ ਦੀਆਂ ਫ਼ਸਲਾਂ ਲਈ ਸਿਫਾਰਿਸ਼ਾਂ |
| 2. ਪੰਜਾਬ ਵਿੱਚ ਬੀਜਾਂ ਨੂੰ ਪ੍ਰਮਾਣਿਤ ਕਰਨ ਵਾਲੀ ਸੰਸਥਾ | (ii) ਕਣਕ ਦੀ ਮੱਧਰੀ ਕਿਸਮ |
| 3. ਪੀ. ਏ. ਯੂ. ਵੱਲੋਂ ਫ਼ਸਲਾਂ ਸਬੰਧੀ ਛਾਪੀ ਜਾਂਦੀ ਕਿਤਾਬ | (iii) ਪੰਜਾਬ ਰਾਜ ਬੀਜ ਪ੍ਰਮਾਣਿਤ ਸੰਸਥਾ |
| 4. ਪੰਜਾਬ ਰਾਜ ਬੀਜ ਨਿਗਮ ਲਿਮਟਿਡ | (iv) ਨੀਲੇ ਅਤੇ ਹਰੇ ਰੰਗ ਦੇ ਦੋ ਟੈਗ |
| 5. ਤਸਦੀਕਸ਼ੁਦਾ ਬੀਜਾਂ ਦੇ ਬੈਗ ਦੀ ਪਹਿਚਾਣ | (v) ਪਨਸੀਡ |

**ਉੱਤਰ :** 1. (ii) 2. (iii) 3. (i) 4. (v) 5. (iv)

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਇੱਕ-ਦੋ ਵਾਕਾਂ ਵਿੱਚ ਦਿਓ :**

1. **ਬੀਜ ਕਾਨੂੰਨ ਦੇ ਕੀ ਉਦੇਸ਼ ਹਨ ? ਇਹ ਕਦੋਂ ਲਾਗੂ ਕੀਤਾ ਗਿਆ ਸੀ ?**

- ਕਿਸਾਨਾਂ ਨੂੰ ਸਹੀ ਕਿਸਮ ਦਾ ਬੀਜ ਸਹੀ ਕੀਮਤ ਤੇ ਪ੍ਰਾਪਤ ਕਰਾਉਣ ਲਈ ਪੂਰੇ ਭਾਰਤ ਵਿੱਚ ਸਾਲ 1966 ਵਿੱਚ ਇੱਕ ਕਾਨੂੰਨ ਬੀਜ ਐਕਟ 1966 ਲਾਗੂ ਕੀਤਾ ਗਿਆ ਸੀ ।

2. **ਨਰਮੇ ਦੀ ਫ਼ਸਲ ਦੇ ਕੋਈ ਤਿੰਨ ਜੱਦੀ-ਪੁਸ਼ਤੀ ਗੁਣ ਲਿਖੋ ।**

- (i) ਪ੍ਰਤੀ ਪੌਦਾ ਟੀਂਡਿਆਂ ਦੀ ਗਿਣਤੀ
  (ii) ਟੀਂਡਿਆਂ ਦਾ ਔਸਤ ਵਜ਼ਨ
  (iii) ਫ਼ਲਦਾਰ ਟਹਿਣੀਆਂ ਦੀ ਗਿਣਤੀ
  (iv) ਫ਼ਸਲ ਪੱਕਣ ਲਈ ਸਮਾਂ ।
  (v) ਬੀਮਾਰੀਆਂ ਦਾ ਟਾਕਰਾ ਕਰਨ ਦੀ ਸਮਰੱਥਾ ।

3. **ਬੀਜ ਕਿਸ ਨੂੰ ਕਿਹਾ ਜਾਂਦਾ ਹੈ ?**

- ਅਜਿਹੇ ਬੀਜ ਜਾਂ ਪੌਦੇ ਦੇ ਉਹ ਭਾਗ ਜਿਵੇਂ ਕਿ ਜੜ੍ਹਾਂ, ਤਣਾ, ਟਿਊਬਰ, ਗੰਢੀਆਂ, ਸਕਰਜ਼ ਆਦਿ ਜਿਨ੍ਹਾਂ ਨੂੰ ਬੀਜਣ ਉਪਰੰਤ ਨਵੀਂ ਫ਼ਸਲ ਪੈਦਾ ਕੀਤੀ ਜਾਂਦੀ ਹੈ, ਇਨ੍ਹਾਂ ਸਭ ਨੂੰ ਬੀਜ ਕਿਹਾ ਜਾਂਦਾ ਹੈ ।

4. **ਬੀਜਾਂ ਦੇ ਬਾਹਰੀ ਦਿੱਖ ਵਾਲੇ ਕੋਈ ਤਿੰਨ ਗੁਣ ਲਿਖੋ ।**

- (i) ਬੀਜਾਂ ਦਾ ਰੰਗ ਰੂਪ (ii) ਬੀਜਾਂ ਦਾ ਅਕਾਰ (iii) ਬੀਜਾਂ ਦਾ ਵਜ਼ਨ
  (iv) ਟੁੱਟ-ਭੱਜ ਰਹਿਤ ਬੀਜ (v) ਕੂੜਾ-ਕਰਕਟ ਰਹਿਤ ਬੀਜ (vi) ਨਦੀਨ ਰਹਿਤ ਬੀਜ

5. **ਤਸਦੀਕਸ਼ੁਦਾ (ਪ੍ਰਮਾਣਿਤ) ਬੀਜਾਂ ਦੇ ਤਿੰਨ ਗੁਣ ਲਿਖੋ ।**

- (i) ਪ੍ਰਮਾਣਿਤ ਬੀਜ ਨਿਰੋਲ ਅਤੇ ਨਿਸ਼ਚਿਤ ਸ਼ੁੱਧਤਾ ਵਾਲਾ ਹੁੰਦਾ ਹੈ ।
  (ii) ਪ੍ਰਮਾਣਿਤ ਬੀਜ ਬੀਮਾਰੀ ਅਤੇ ਨਦੀਨਾਂ ਦੇ ਬੀਜਾਂ ਤੋਂ ਰਹਿਤ ਹੁੰਦਾ ਹੈ ।
  (iii) ਪ੍ਰਮਾਣਿਤ ਬੀਜ ਨਿਸ਼ਚਿਤ ਉੱਗਣ ਸ਼ਕਤੀ ਵਾਲਾ ਹੁੰਦਾ ਹੈ ।

6. **ਕਣਕ ਦੀ ਫ਼ਸਲ ਦੇ ਕੋਈ ਤਿੰਨ ਜੱਦੀ-ਪੁਸ਼ਤੀ ਗੁਣ ਲਿਖੋ ।**

- (i) ਪ੍ਰਤੀ ਪੌਦਾ ਸ਼ਾਖਾਵਾਂ ਦੀ ਸੰਖਿਆ ।
  (ii) ਸਿੱਟੇ ਦੀ ਲੰਬਾਈ ।
  (iii) ਪ੍ਰਤੀ ਸਿੱਟਾ ਦਾਣਿਆਂ ਦੀ ਗਿਣਤੀ ।
  (iv) ਦਾਣਿਆਂ ਦਾ ਭਾਰ ।
  (v) ਬੀਮਾਰੀਆਂ ਦਾ ਟਾਕਰਾ ਕਰਨ ਦੀ ਸਮਰੱਥਾ ।
  (vi) ਫ਼ਸਲ ਪੱਕਣ ਲਈ ਸਮਾਂ ।

7. **ਤਸਦੀਕਸ਼ੁਦਾ ਬੀਜ ਉਤਪਾਦਨ ਲਈ ਖੇਤ ਵਿੱਚ ਖੜੀ ਫ਼ਸਲ ਦੇ ਕਿਹੜੇ-ਕਿਹੜੇ ਮਿਆਰਾਂ ਬਾਰੇ ਪੜਤਾਲ ਕੀਤੀ ਜਾਂਦੀ ਹੈ ?**

- (i) ਬੀਜ ਵਾਲੀ ਫ਼ਸਲ ਦੀ ਦੂਸਰੀਆਂ ਫ਼ਸਲਾਂ ਤੋਂ ਦੂਰੀ ।

(ii) ਬੀਜ ਵਾਲੀ ਫ਼ਸਲ ਵਿੱਚ ਓਪਰੇ ਪੌਦਿਆਂ ਦੀ ਗਿਣਤੀ ।

(iii) ਬੀਜ ਵਾਲੀ ਫ਼ਸਲ ਵਿੱਚ ਬੀਮਾਰੀ ਵਾਲੇ ਪੌਦਿਆਂ ਦੀ ਗਿਣਤੀ ।

8. **ਬੀਜ ਉਤਪਾਦਨ ਕਰਨ ਲਈ ਕਿਹੜੇ-ਕਿਹੜੇ ਅਦਾਰਿਆਂ ਤੋਂ ਜਾਣਕਾਰੀ ਲਈ ਜਾ ਸਕਦੀ ਹੈ ?**

– (i) ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ (ii) ਕ੍ਰਿਸ਼ੀ ਵਿਗਿਆਨ ਕੇਂਦਰ

(iii) ਸੀਡ ਫਾਰਮ (iv) ਖੇਤੀਬਾੜੀ ਵਿਭਾਗ

(v) ਪੰਜਾਬ ਰਾਜ ਬੀਜ ਪ੍ਰਮਾਣਿਤ ਸੰਸਥਾ (vi) ਪਨਸੀਡ

9. **ਤਸਦੀਕਸ਼ੁਦਾ ਬੀਜਾਂ ਦੀ ਕੀ ਪਹਿਚਾਣ ਹੈ ?**

– ਤਸਦੀਕਸ਼ੁਦਾ ਬੀਜਾਂ ਦੇ ਥੈਲੇ ਉੱਪਰ ਦੋ ਟੈਗ ਲੱਗੇ ਹੁੰਦੇ ਹਨ । ਨੀਲੇ ਰੰਗ ਦਾ ਟੈਗ ਪੰਜਾਬ ਸਟੇਟ ਸੀਡ ਸਰੀਟਫਿਕੇਸ਼ਨ ਅਥਾਰਿਟੀ ਵੱਲੋਂ ਅਤੇ ਦੂਜਾ ਹਰੇ ਰੰਗ ਦਾ ਟੈਗ ਬੀਜ ਪੈਦਾ ਕਰਨ ਵਾਲੀ ਸੰਸਥਾ/ਕੰਪਨੀ ਵੱਲੋਂ ਲਗਾਇਆ ਜਾਂਦਾ ਹੈ ।

10. **ਟੀ. ਐਲ. (Truthfully labelled) ਬੀਜ ਕਿਸ ਨੂੰ ਕਿਹਾ ਜਾਂਦਾ ਹੈ ?**

– ਜੇ ਕਿਸੇ ਬੀਜ ਨੂੰ ਤਸਦੀਕਸ਼ੁਦਾ ਨਹੀਂ ਕਰਵਾਇਆ ਗਿਆ ਹੋਵੇ ਤਾਂ ਉਸ ਬੀਜ ਨੂੰ ਟੀ. ਐਲ. ਬੀਜ ਕਿਹਾ ਜਾਂਦਾ ਹੈ ਪਰ ਅਜਿਹੇ ਬੀਜ ਦੇ ਮਿਆਰ ਜਿਵੇਂ ਕਿ ਨਸਲੀ ਸ਼ੁੱਧਤਾ, ਉੱਗਣ ਸ਼ਕਤੀ ਆਦਿ ਸਹੀ ਹੋਣੇ ਚਾਹੀਦੇ ਹਨ ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਤਿੰਨ-ਚਾਰ ਵਾਕਾਂ ਵਿੱਚ ਦਿਓ :**

1. **ਮੱਕੀ ਦੀ ਫ਼ਸਲ ਦੇ ਕੋਈ ਚਾਰ ਜੱਦੀ-ਪੁਸ਼ਤੀ ਗੁਣ ਲਿਖੋ ।**

– (i) ਛੱਲੀ ਦੀ ਲੰਬਾਈ ਅਤੇ ਮੋਟਾਈ ।

(ii) ਪ੍ਰਤੀ ਛੱਲੀ ਦਾਣਿਆਂ ਦੀ ਔਸਤ ਗਿਣਤੀ ।

(iii) 1000 ਦਾਣਿਆਂ ਦਾ ਔਸਤ ਵਜ਼ਨ ।

(iv) ਫ਼ਸਲ ਪੱਕਣ ਲਈ ਸਮਾਂ ।

(v) ਬੀਮਾਰੀਆਂ ਦਾ ਟਾਕਰਾ ਕਰਨ ਦੀ ਸਮਰੱਥਾ ।

2. **ਬੀਜ ਕਾਨੂੰਨ 1966 ਅਨੁਸਾਰ ਬੀਜਾਂ ਨੂੰ ਕਿਹੜੀਆਂ-ਕਿਹੜੀਆਂ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ ?**

– (i) ਮੁੱਢਲਾ ਜਾਂ ਨਿਊਕਲੀਅਸ ਬੀਜ

(ii) ਬਰੀਡਰ ਬੀਜ

(iii) ਬੁਨਿਆਦੀ ਬੀਜ

(iv) ਤਸਦੀਕਸ਼ੁਦਾ ਜਾਂ ਪ੍ਰਮਾਣਿਤ ਬੀਜ

3. **ਬੀਜ ਪਰਖ ਪ੍ਰਯੋਗਸ਼ਾਲਾ ਵਿੱਚ ਬੀਜਾਂ ਦੇ ਨਮੂਨੇ ਦੀ ਪਰਖ ਕਰਨ ਲਈ ਕਿਹੜੇ-ਕਿਹੜੇ ਮਿਆਰਾਂ ਦੀ ਪਰਖ ਕੀਤੀ ਜਾਂਦੀ ਹੈ ?**

– (i) ਬੀਜ ਦੀ ਉੱਗਣ ਸ਼ਕਤੀ

(ii) ਬੀਜ ਦੀ ਸ਼ੁੱਧਤਾ

(iii) ਬੀਮਾਰੀ ਵਾਲੇ ਬੀਜਾਂ ਦੀ ਗਿਣਤੀ

(iv) ਬੀਜ ਵਿੱਚ ਨਦੀਨਾਂ ਦੇ ਬੀਜਾਂ ਦੀ ਗਿਣਤੀ

4. **ਬੀਜ ਉਤਪਾਦਨ ਕਰਨ ਲਈ ਮੁੱਢਲੀਆਂ ਲੋੜਾਂ ਕੀ-ਕੀ ਹਨ ?**

– (i) ਬੀਜਾਂ ਨੂੰ ਸਾਫ਼ ਕਰਨ ਵਾਲੀ ਮਸ਼ੀਨ (ਸੀਡ ਗਰੇਡਰ)

(ii) ਲੋੜ ਅਨੁਸਾਰ ਪੱਕਾ ਫਰਸ਼

(iii) ਸਟੋਰ

(iv) ਬੀਜ ਪੈਕ ਕਰਨ ਲਈ ਥੈਲੀਆਂ

(v) ਥੈਲੀਆਂ ਸਿਉਣ ਵਾਲੀ ਮਸ਼ੀਨ

5. **ਤਸਦੀਕਸ਼ੁਦਾ ਬੀਜ ਪੈਦਾ ਕਰਨ ਲਈ ਕਿਹੜੇ-ਕਿਹੜੇ ਖਰਚੇ ਕਰਨੇ ਪੈਂਦੇ ਹਨ ?**

– (i) ਫਾਊਂਡੇਸ਼ਨ ਬੀਜ ਖਰੀਦਣ ਲਈ ।

(ii) ਸਰਟੀਫਿਕੇਸ਼ਨ ਫੀਸ ਭਰਨ ਲਈ ।

(iii) ਓਪਰੇ ਪੌਦੇ ਕੱਢਣ ਲਈ ਲੇਬਰ ਤੇ ਖਰਚ ।

(iv) ਬੀਜਾਂ ਦੀ ਗਰੇਡਿੰਗ ਕਰਨਾ ।

(v) ਬੀਜਾਂ ਦੀ ਪੈਕਿੰਗ, ਟੈਗ ਅਤੇ ਸੀਲ ਕਰਨ ਤੇ ਖਰਚ ।

(vi) ਬੀਜਾਂ ਨੂੰ ਸਟੋਰ ਕਰਨ ਤੇ ਖਰਚ ।

# ਪਾਠ – 10
# ਫ਼ਸਲਾਂ ਲਈ ਲਾਭਦਾਇਕ ਅਤੇ ਹਾਨੀਕਾਰਕ ਜੀਵ

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

1. ਉਹ ਕਿਹੜਾ ਪੰਛੀ ਹੈ ਜੋ ਖੇਤੀ ਨੂੰ ਕੋਈ ਫਾਇਦਾ ਨਹੀਂ ਦਿੰਦਾ ?
   (ੳ) ਤੋਤਾ (ਅ) ਚੱਕੀਰਾਹਾ
   (ੲ) ਗਾਏ ਬਗਲਾ (ਸ) ਨੀਲ ਕੰਠ
2. ਚਿੜੀਆਂ ਦਾ ਇੱਕ ਜੋੜਾ ਇੱਕ ਦਿਨ ਵਿੱਚ ਤਕਰੀਬਨ ਕਿੰਨੇ ਵਾਰ ਆਪਣੇ ਬੱਚਿਆਂ ਨੂੰ ਚੋਗਾ ਖੁਆਉਂਦਾ ਹੈ ?
   (ੳ) 250 (ਅ) 25
   (ੲ) 520 (ਸ) 52
3. ਨੀਲੇ ਰੰਗ ਦਾ ਪੰਛੀ ਕਿਹੜਾ ਹੁੰਦਾ ਹੈ ?
   (ੳ) ਚੱਕੀਰਾਹਾ (ਅ) ਟਟ੍ਹੀਰੀ
   (ੲ) ਗਾਏ ਬਗਲਾ (ਸ) ਨੀਲ ਕੰਠ
4. ਕਿਹੜਾ ਪੰਛੀ ਆਪਣਾ ਆਲ੍ਹਣਾ ਜ਼ਮੀਨ ਤੇ ਬਣਾਉਂਦਾ ਹੈ ?
   (ੳ) ਗਾਏ ਬਗਲਾ (ਅ) ਉੱਲੂ
   (ੲ) ਟਟ੍ਹੀਰੀ (ਸ) ਚੱਕੀਰਾਹਾ
5. ਕਣਕ ਦੇ ਉੱਗਣ ਵੇਲੇ ਚੂਹੇ ਕਿੰਨਾ ਨੁਕਸਾਨ ਕਰ ਦਿੰਦੇ ਹਨ ?
   (ੳ) 2.9% (ਅ) 4.5%
   (ੲ) 1.1% (ਸ) 10.7%
6. ਪੰਜਾਬ ਵਿੱਚ ਭੂਰਾ ਚੂਹਾ ਕਿਹੜੇ ਇਲਾਕੇ ਵਿੱਚ ਮਿਲਦਾ ਹੈ ?
   (ੳ) ਕੰਡੀ ਦੇ ਇਲਾਕੇ ਵਿੱਚ (ਅ) ਬੇਟ ਦੇ ਇਲਾਕੇ ਵਿੱਚ
   (ੲ) ਕੱਲਰੀ ਜ਼ਮੀਨ ਵਿੱਚ (ਸ) ਰੇਤਲੇ ਅਤੇ ਖ਼ੁਸ਼ਕ ਇਲਾਕੇ ਵਿੱਚ
7. ਸਿਆਲੂ ਮੱਕੀ ਦੇ ਉੱਗਣ ਵੇਲੇ ਚੂਹੇ ਕਿੰਨਾ ਨੁਕਸਾਨ ਕਰ ਦਿੰਦੇ ਹਨ ?
   (ੳ) 10.7% (ਅ) 4.5%
   (ੲ) 1.1% (ਸ) 2.9%
8. ਫ਼ਸਲਾਂ ਦੀ ਕਟਾਈ ਤੋਂ ਬਾਅਦ ਖੇਤੀ ਵਿੱਚ ਕੀਤੀ ਜਾਣ ਵਾਲੀ ਪਹਿਲੀ ਸਿੰਚਾਈ ਨੂੰ ਕੀ ਕਹਿੰਦੇ ਹਨ ?
   (ੳ) ਗਹਾਈ (ਅ) ਕਟਾਈ
   (ੲ) ਗੁਡਾਈ (ਸ) ਰੌਣੀ
9. ਚੂਹਿਆਂ ਨੂੰ ਮਾਰਨ ਲਈ ਕਿਹੜੀ ਦਵਾਈ ਵਰਤੀ ਜਾਂਦੀ ਹੈ ?
   (ੳ) ਕਲੋਰੋਪਾਇਰੀਫਾਸ (ਅ) ਜ਼ਿੰਕ ਫ਼ਾਸਫਾਈਡ
   (ੲ) ਮੋਨੋਕਰੋਟੋਫਾਸ (ਸ) ਕੈਪਟਾਨ
10. ਬਰਮਾਡਾਇਲੋਨ ਜ਼ਹਿਰ ਦਾ ਅਸਰ ਕਿਹੜੇ ਵਿਟਾਮਿਨ ਨਾਲ ਘੱਟ ਕੀਤਾ ਜਾ ਸਕਦਾ ਹੈ ?
   (ੳ) ਵਿਟਾਮਿਨ ਏ (ਅ) ਵਿਟਾਮਿਨ ਸੀ
   (ੲ) ਵਿਟਾਮਿਨ ਡੀ (ਸ) ਵਿਟਾਮਿਨ ਕੇ

**ਉੱਤਰ :** 1. (ੳ) 2. (ੳ) 3. (ਸ) 4. (ੲ) 5. (ੳ)
6. (ਸ) 7. (ੳ) 8. (ਸ) 9. (ਅ) 10. (ਸ)

**ਹੇਠ ਲਿਖੀਆਂ ਖ਼ਾਲੀ ਥਾਵਾਂ ਵਿੱਚ ਬਰੈਕਟ ਵਿੱਚੋਂ ਸਹੀ ਸ਼ਬਦ ਚੁਣ ਕੇ ਭਰੋ :**

1. ਪੰਜਾਬ ਦੇ ਖੇਤਾਂ ਵਿੱਚ ਮੁੱਖ ਤੌਰ ਤੇ ............... ਕਿਸਮਾਂ ਦੇ ਚੂਹੇ ਮਿਲਦੇ ਹਨ । (ਅੱਠ / ਸੱਠ)
2. ਨਰਮ ਚਮੜੀ ਵਾਲਾ ਚੂਹਾ .................... ਜ਼ਮੀਨ ਵਿੱਚ ਮਿਲਦਾ ਹੈ । (ਕੱਲਰੀ / ਰੇਤਲੀ)
3. ਉੱਲੂ ਫ਼ਸਲਾਂ ਲਈ .................... ਪੰਛੀ ਹੈ । (ਲਾਹੇਵੰਦ / ਹਾਨੀਕਾਰਕ)
4. ................. ਆਪਣਾ ਆਲ੍ਹਣਾ ਦਰਖ਼ਤਾਂ ਦੀਆਂ ਖੋੜਾਂ ਵਿੱਚ ਬਣਾਉਂਦਾ ਹੈ । (ਨੀਲ ਕੰਠ / ਟਟ੍ਹੀਰੀ)
5. ਟਟ੍ਹੀਰੀ ਆਪਣਾ ਆਲ੍ਹਣਾ .................. ਤੇ ਬਣਾਉਂਦੀ ਹੈ । (ਦਰਖ਼ਤਾਂ / ਜ਼ਮੀਨ)
6. ................. ਦੇ ਸਿਰ ਤੇ ਕਲਗੀ ਹੁੰਦੀ ਹੈ । (ਚੱਕੀਰਾਹੇ / ਚਿੜੀ)
7. ................. ਪੰਜਾਬ ਦਾ ਰਵਾਇਤੀ ਰੁੱਖ ਹੈ । (ਪਿੱਪਲ / ਸਿਲਵਰ ਓਕ)
8. ਰੇਤਲੇ ਅਤੇ ਖ਼ੁਸ਼ਕ ਇਲਾਕਿਆਂ ਵਿੱਚ .................... ਚੂਹਾ ਮਿਲਦਾ ਹੈ । (ਅੰਨ੍ਹਾ / ਭੂਰਾ)
9. ਪਿੰਜਰਿਆਂ ਦੀ ਵਰਤੋਂ ਘੱਟੋ-ਘੱਟ ............ ਦਿਨਾਂ ਦੇ ਵਕਫ਼ੇ ਬਾਅਦ ਕਰਨੀ ਚਾਹੀਦੀ ਹੈ । (ਤਿੰਨ / ਤੀਹ)
10. ਜ਼ਿੰਕ ਫ਼ਾਸਫਾਈਡ ਨੂੰ ................ ਦਵਾਈ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ । (ਕਾਲੀ / ਪੀਲੀ)

**ਉੱਤਰ :** 1. ਅੱਠ 2. ਕੱਲਰੀ 3. ਲਾਭਦਾਇਕ 4. ਨੀਲ ਕੰਠ 5. ਜ਼ਮੀਨ
6. ਚੱਕੀਰਾਹਾ 7. ਪਿੱਪਲ 8. ਭੂਰਾ 9. ਤੀਹ 10. ਕਾਲੀ

**ਹੇਠ ਲਿਖੇ ਕਥਨਾਂ ਵਿੱਚੋਂ ਸਹੀ / ਗਲਤ ਚੁਣੋ :**

1. ਕੋਤਵਾਲ, ਟਟ੍ਹੀਰੀ, ਗੁਟਾਰ, ਨੀਲਕੰਠ, ਉੱਲੂ, ਗਾਏ ਬਗਲਾ ਅਤੇ ਚੱਕੀਰਾਹਾ ਫ਼ਸਲਾਂ ਲਈ ਲਾਭਦਾਇਕ ਪੰਛੀ ਹਨ ।
2. ਸ਼ਿਕਾਰੀ ਪੰਛੀ ਜਿਵੇਂ ਉੱਲੂ, ਬਾਜ਼, ਇੱਲਾਂ ਅਤੇ ਉਕਾਬ ਚੂਹਿਆਂ ਦੇ ਕੁਦਰਤੀ ਦੁਸ਼ਮਣ ਹਨ ।
3. ਸਾਨੂੰ ਲਾਭਦਾਇਕ ਪੰਛੀਆਂ ਨੂੰ ਮਾਰ ਦੇਣਾ ਚਾਹੀਦਾ ਹੈ ।
4. ਨੀਲ ਕੰਠ ਪੰਛੀ ਦਾ ਰੰਗ ਸਫੈਦ ਹੁੰਦਾ ਹੈ ।
5. ਚੱਕੀਰਾਹੇ ਦੀ ਲੰਬੀ, ਤਿੱਖੀ ਤੇ ਥੋੜ੍ਹੀ ਜਿਹੀ ਵਿੰਗੀ ਚੁੰਝ ਹੁੰਦੀ ਹੈ ।
6. ਚੂਹੇ ਫ਼ਸਲਾਂ ਲਈ ਬਹੁਤ ਲਾਭਦਾਇਕ ਜੀਵ ਹਨ ।
7. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਵਿਕਸਿਤ ਦੋ ਖਾਨਿਆਂ ਵਾਲੇ ਪਿੰਜਰੇ ਵਿੱਚ ਇੱਕੋ ਸਮੇਂ ਕਈ ਚੂਹੇ ਫੜ੍ਹੇ ਜਾ ਸਕਦੇ ਹਨ ।
8. ਪੰਛੀਆਂ ਨੂੰ ਬਚਾਉਣ ਲਈ ਰਵਾਇਤੀ ਰੁੱਖ ਜਿਵੇਂ ਕਿ ਪਿੱਪਲ, ਬੋਹੜ, ਟਾਹਲੀ, ਕਿੱਕਰ ਅਤੇ ਤੂਤ ਲਗਾਉਣੇ ਚਾਹੀਦੇ ਹਨ ।
9. ਚੂਹੇ ਮਾਰਨ ਲਈ ਜ਼ਿੰਕ ਫ਼ਾਸਫਾਈਡ ਵਾਲਾ ਚੋਗਾ ਤਿਆਰ ਕਰਦੇ ਸਮੇਂ ਉਸ ਵਿੱਚ ਪਾਣੀ ਮਿਲਾਉਣਾ ਚਾਹੀਦਾ ਹੈ ।
10. ਸਾਨੂੰ ਰਸੋਈ ਦੇ ਭਾਂਡਿਆਂ ਵਿੱਚ ਜ਼ਹਿਰੀਲਾ ਚੋਗਾ ਨਹੀਂ ਬਣਾਉਣਾ ਚਾਹੀਦਾ ਹੈ ।

**ਉੱਤਰ :** 1. ਸਹੀ 2. ਸਹੀ 3. ਗਲਤ 4. ਗਲਤ 5. ਸਹੀ
6. ਗਲਤ 7. ਸਹੀ 8. ਸਹੀ 9. ਗਲਤ 10. ਸਹੀ

**ਸਹੀ ਮਿਲਾਨ ਕਰੋ :**

| | | | |
|---|---|---|---|
| 1. | ਚੂਹੇ ਖਾਣ ਵਾਲੇ ਮਿੱਤਰ ਪੰਛੀ | (i) | ਚੱਕੀਰਾਹਾ |
| 2. | ਜ਼ਮੀਨ ਤੇ ਆਲ੍ਹਣਾ ਬਣਾਉਣ ਵਾਲਾ ਪੰਛੀ | (ii) | ਰੌਣੀ |
| 3. | ਫ਼ਸਲ ਕੱਟਣ ਤੋਂ ਬਾਅਦ ਖੇਤ ਵਿੱਚ ਪਹਿਲੀ ਸਿੰਜਾਈ | (iii) | ਪਿੱਪਲ, ਬੋਹੜ, ਟਾਹਲੀ, ਕਿੱਕਰ, ਤੂਤ |
| 4. | ਸਿਰ ਤੇ ਕਲਗੀ ਵਾਲਾ ਪੰਛੀ | (iv) | ਟਟ੍ਹੀਰੀ |
| 5. | ਪੰਜਾਬ ਦੇ ਰਵਾਇਤੀ ਰੁੱਖ | (v) | ਉੱਲੂ, ਬਾਜ਼, ਇੱਲਾਂ ਅਤੇ ਉਕਾਬ |

**ਉੱਤਰ :** 1. (v) 2. (iv) 3. (ii) 4. (i) 5. (iii)

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਇੱਕ-ਦੋ ਵਾਕਾਂ ਵਿੱਚ ਦਿਓ :**

1. **ਫ਼ਸਲਾਂ ਲਈ ਲਾਭਦਾਇਕ ਪੰਛੀਆਂ ਦੇ ਨਾਂ ਲਿਖੋ ।**
– ਨੀਲਕੰਠ, ਟਟ੍ਹੀਰੀ, ਗਾਏ ਬਗਲਾ, ਚੱਕੀਰਾਹਾ, ਛੋਟਾ ਉੱਲੂ, ਚੁਗਲ, ਕੋਤਵਾਲ, ਗੁਟਾਰਾਂ ਆਦਿ ਪੰਛੀ ਹਾਨੀਕਾਰਕ ਕੀੜੇ-ਮਕੌੜਿਆਂ ਨੂੰ ਖਾ ਕੇ ਫ਼ਸਲਾਂ ਨੂੰ ਲਾਭ ਪਹੁੰਚਾਉਂਦੇ ਹਨ ।

2. **ਚੂਹੇ ਖਾਣ ਵਾਲੇ ਸ਼ਿਕਾਰੀ ਪੰਛੀਆਂ ਦੇ ਨਾਂ ਲਿਖੋ ।**
– ਉੱਲੂ, ਬਾਜ਼, ਇੱਲਾਂ ਅਤੇ ਉਕਾਬ ਚੂਹੇ ਖਾਣ ਵਾਲੇ ਸ਼ਿਕਾਰੀ ਪੰਛੀ ਹਨ । ਇੱਕ ਉੱਲੂ ਦਿਨ ਵਿੱਚ 4-5 ਚੂਹੇ ਖਾ ਜਾਂਦਾ ਹੈ ।

3. **ਸਾਨੂੰ ਆਪਣੇ ਚੌਗਿਰਦੇ ਵਿੱਚ ਪੰਛੀਆਂ ਨੂੰ ਬਚਾਉਣ ਲਈ ਕਿਹੜੇ-ਕਿਹੜੇ ਰਵਾਇਤੀ ਰੁੱਖ ਲਗਾਉਣੇ ਚਾਹੀਦੇ ਹਨ ?**
– ਸਾਨੂੰ ਆਪਣੇ ਆਲੇ-ਦੁਆਲੇ ਪੰਛੀਆਂ ਨੂੰ ਬਚਾਉਣ ਲਈ ਰਵਾਇਤੀ ਪਿੱਪਲ, ਬੋਹੜ, ਟਾਹਲੀ, ਕਿੱਕਰ, ਨਿੰਮ ਅਤੇ ਤੂਤ ਆਦਿ ਵਰਗੇ ਰਵਾਇਤੀ ਰੁੱਖ ਲਗਾਉਣੇ ਚਾਹੀਦੇ ਹਨ ।

4. **ਕਣਕ ਦੇ ਕਿਹੜੇ ਖੇਤਾਂ ਵਿੱਚ ਚੂਹੇ ਬਹੁਤ ਜ਼ਿਆਦਾ ਨੁਕਸਾਨ ਕਰਦੇ ਹਨ ?**
– ਕਣਕ ਦੇ ਜਿਹੜੇ ਖੇਤਾਂ ਦੇ ਨੇੜੇ ਕਮਾਦ ਦੇ ਖੇਤ, ਨਹਿਰ, ਰੇਲਵੇ ਲਾਈਨ ਜਾਂ ਸੜ੍ਹਕ ਲੱਗਦੀ ਹੋਵੇ, ਉਨ੍ਹਾਂ ਥਾਵਾਂ ਤੇ ਕਣਕ ਦੇ ਪੱਕਣ ਸਮੇਂ ਚੂਹੇ 25% ਤੱਕ ਨੁਕਸਾਨ ਕਰ ਸਕਦੇ ਹਨ ।

5. **ਡਰਨੇ ਰਾਹੀਂ ਫ਼ਸਲਾਂ ਦੀ ਰਾਖੀ ਕਿਵੇਂ ਕੀਤੀ ਜਾ ਸਕਦੀ ਹੈ ?**
– ਇੱਕ ਪੁਰਾਣੀ ਮਿੱਟੀ ਦੀ ਹਾਂਡੀ ਲੈ ਕੇ ਉਸ ਉੱਤੇ ਰੰਗ ਨਾਲ ਮਨੁੱਖੀ ਸਿਰ ਉਲੀਕ ਦਿੱਤਾ ਜਾਂਦਾ ਹੈ । ਇਸ ਨੂੰ ਖੇਤ ਵਿੱਚ ਗੱਡੇ ਡੰਡਿਆਂ ਤੇ ਟਿਕਾ ਕੇ ਮਨੁੱਖੀ ਪੁਸ਼ਾਕ ਪੁਆ ਦਿੱਤੀ ਜਾਂਦੀ ਹੈ । ਪੰਛੀ ਇਸ ਨੂੰ ਆਦਮੀ ਸਮਝ ਕੇ ਖੇਤ ਵਿੱਚ ਨਹੀਂ ਆਉਂਦੇ ਹਨ ।

6. **ਚੂਹਿਆਂ ਨੂੰ ਗੇਝ ਪਾਉਣ ਦਾ ਕੀ ਤਰੀਕਾ ਹੈ ?**
– ਵੱਧ ਚੂਹੇ ਫੜਨ ਲਈ ਹਰ ਪਿੰਜਰੇ ਵਿੱਚ 15 ਗਰਾਮ ਬਾਜਰਾ, ਜੁਆਰ ਜਾਂ ਕਣਕ ਦਾ ਦਲੀਆ, ਜਿਸ ਵਿੱਚ 2% ਪੀਸੀ ਹੋਈ ਖੰਡ ਅਤੇ 2% ਖਾਣ ਵਾਲਾ ਤੇਲ ਰਲਾ ਕੇ ਰੱਖਣਾ ਚਾਹੀਦਾ ਹੈ । ਇਹ ਮਿਸ਼ਰਣ ਪਿੰਜਰੇ ਦਾ ਮੂੰਹ ਖੁੱਲ੍ਹਾ ਰੱਖ ਕੇ 2-3 ਦਿਨਾਂ ਤੱਕ ਰੱਖਣਾ ਚਾਹੀਦਾ ਹੈ।

7. **ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਚੂਹੇ ਫੜਨ ਲਈ ਵਿਕਸਿਤ ਕੀਤੇ ਗਏ ਪਿੰਜਰੇ ਦੀ ਕੀ ਵਿਸ਼ੇਸ਼ਤਾ ਹੈ ?**
– ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਵਿਕਸਿਤ ਕੀਤੇ ਪਿੰਜਰੇ ਦੇ ਦੋ ਖਾਨੇ ਹੁੰਦੇ ਹਨ । ਇਸ ਪਿੰਜਰੇ ਵਿੱਚ ਦਾਖ਼ਲ ਹੋਣ ਦਾ ਗੋਲ ਰਸਤਾ ਹੁੰਦਾ ਹੈ। ਇਸ ਨਾਲ ਇੱਕੋ ਸਮੇਂ ਕਈ ਚੂਹੇ ਫੜੇ ਜਾ ਸਕਦੇ ਹਨ ।

8. **ਤੁਸੀਂ ਟਟ੍ਹੀਰੀ ਦੀ ਪਛਾਣ ਕਿਵੇਂ ਕਰੋਗੇ ?**
– ਟਟ੍ਹੀਰੀ ਦਾ ਰੰਗ ਉਪਰੋਂ ਸੁਨਹਿਰੀ ਭੂਰਾ ਅਤੇ ਹੇਠੋਂ ਸਫੈਦ ਹੁੰਦਾ ਹੈ । ਇਸ ਦਾ ਸਿਰ, ਛਾਤੀ ਅਤੇ ਗਰਦਨ ਕਾਲੇ ਰੰਗ ਦੀ ਹੁੰਦੀ ਹੈ । ਇਹ ਪੰਛੀ ਕੀੜੇ-ਮਕੌੜੇ ਅਤੇ ਘੋਗੇ ਆਦਿ ਖਾਂਦਾ ਹੈ । ਇਹ ਆਪਣਾ ਆਲ੍ਹਣਾ ਜ਼ਮੀਨ ਤੇ ਬਣਾਉਂਦੀ ਹੈ ।

9. **ਚੂਹਿਆਂ ਵੱਲੋਂ ਫ਼ਸਲ ਦਾ ਸਭ ਤੋਂ ਵੱਧ ਨੁਕਸਾਨ ਕਿਹੜੇ ਸਮੇਂ ਕੀਤਾ ਜਾਂਦਾ ਹੈ ?**

- ਚੂਹੇ ਫ਼ਸਲਾਂ ਦਾ ਭਾਰੀ ਨੁਕਸਾਨ ਕਰਦੇ ਹਨ । ਇਹ ਸਭ ਤੋਂ ਵੱਧ ਨੁਕਸਾਨ ਫ਼ਸਲ ਦੇ ਉੱਗਣ ਅਤੇ ਪੱਕਣ ਵੇਲੇ ਕਰਦੇ ਹਨ ।

10. **ਕਣਕ ਦੀ ਫ਼ਸਲ ਵਿੱਚ ਚੂਹੇ ਮਾਰਨ ਲਈ ਸਭ ਤੋਂ ਢੁਕਵਾਂ ਸਮਾਂ ਕਿਹੜਾ ਹੈ ?**

- ਅੱਧ ਫਰਵਰੀ ਤੋਂ ਮਾਰਚ ਮਹੀਨੇ ਦੇ ਸ਼ੁਰੂ ਤੱਕ ਚੂਹੇ ਮਾਰਨ ਲਈ ਸਹੀ ਸਮਾਂ ਹੈ । ਕਿਉਂਕਿ ਇਸ ਤੋਂ ਪਹਿਲਾਂ ਠੰਢ ਹੋਣ ਕਾਰਨ ਅਤੇ ਇਸ ਤੋਂ ਬਾਅਦ ਫ਼ਸਲ ਦੇ ਦੂਧੀਆ ਦਾਣੇ ਹੋਣ ਕਾਰਨ ਚੂਹੇ ਚੋਗਾ ਨਹੀਂ ਖਾਂਦੇ ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਤਿੰਨ-ਚਾਰ ਵਾਕਾਂ ਵਿੱਚ ਦਿਓ :**

1. **ਸਾਨੂੰ ਲਾਭਦਾਇਕ ਪੰਛੀਆਂ ਨੂੰ ਕਿਉਂ ਨਹੀਂ ਮਾਰਨਾ ਚਾਹੀਦਾ ?**

- ਨੀਲਕੰਠ, ਟਟ੍ਹੀਰੀ, ਗਾਏ ਬਗਲਾ, ਚੱਕੀਰਾਹਾ, ਛੋਟਾ ਉੱਲੂ, ਚੁਗਲ, ਕੋਤਵਾਲ, ਗੁਟਾਰਾਂ ਆਦਿ ਪੰਛੀ ਹਾਨੀਕਾਰਕ ਕੀੜੇ-ਮਕੌੜਿਆਂ ਨੂੰ ਖਾ ਕੇ ਫ਼ਸਲਾਂ ਨੂੰ ਲਾਭ ਪਹੁੰਚਾਉਂਦੇ ਹਨ । ਉੱਲੂ, ਬਾਜ਼, ਇੱਲਾਂ ਅਤੇ ਉਕਾਬ ਚੂਹੇ ਖਾਣ ਵਾਲੇ ਸ਼ਿਕਾਰੀ ਪੰਛੀ ਹਨ । ਇਸ ਲਈ ਸਾਨੂੰ ਇਨ੍ਹਾਂ ਲਾਭਦਾਇਕ ਪੰਛੀਆਂ ਨੂੰ ਮਾਰਨਾ ਨਹੀਂ ਚਾਹੀਦਾ ਸਗੋਂ ਇਨ੍ਹਾਂ ਨੂੰ ਫ਼ਸਲਾਂ ਵਿੱਚ ਆਕਰਸ਼ਿਤ ਕਰਨਾ ਚਾਹੀਦਾ ਹੈ ।

2. **ਚੱਕੀਰਾਹੇ ਦੀ ਪਛਾਣ ਦੇ ਕੋਈ ਚਾਰ ਲੱਛਣ ਲਿਖੋ ।**

- (i) ਇਸ ਦੇ ਖੰਭਾਂ, ਪੂਛ ਅਤੇ ਸਰੀਰ ਦੇ ਉੱਪਰਲੇ ਪਾਸੇ ਸਫੈਦ ਅਤੇ ਕਾਲੇ ਰੰਗ ਦੀਆਂ ਧਾਰੀਆਂ ਹੁੰਦੀਆਂ ਹਨ ।
  (ii) ਇਸ ਦੇ ਸਿਰ ਤੇ ਕਲਗੀ ਹੁੰਦੀ ਹੈ ।
  (iii) ਇਸ ਦੀ ਚੁੰਝ ਲੰਬੀ, ਤਿੱਖੀ ਅਤੇ ਥੋੜ੍ਹੀ ਜਿਹੀ ਵਿੰਗੀ ਹੁੰਦੀ ਹੈ ।
  (iv) ਇਹ ਆਪਣਾ ਆਲ੍ਹਣਾ ਦਰਖ਼ਤਾਂ ਦੀਆਂ ਖੋੜਾਂ ਵਿੱਚ ਬਣਾਉਂਦਾ ਹੈ ।
  (v) ਇਹ ਕੀੜੇ-ਮਕੌੜੇ ਖਾਂਦਾ ਹੈ ।

3. **ਚੂਹੇ ਮਾਰਨ ਲਈ ਕਾਲੀ ਦਵਾਈ ਦਾ ਜ਼ਹਿਰੀਲਾ ਚੋਗਾ ਕਿਵੇਂ ਤਿਆਰ ਕੀਤਾ ਜਾਂਦਾ ਹੈ ?**

- ਬਾਜਰਾ, ਜਵਾਰ ਜਾਂ ਕਣਕ ਦਾ ਦਲੀਆ ਜਾਂ ਇਨ੍ਹਾਂ ਸਾਰੇ ਅਨਾਜਾਂ ਦਾ ਮਿਸ਼ਰਣ ਇੱਕ ਕਿੱਲੋ ਲਵੋ । ਇਸ ਵਿੱਚ 20 ਗਰਾਮ ਤੇਲ ਅਤੇ 25 ਗਰਾਮ ਜ਼ਿੰਕ ਫ਼ਾਸਫਾਈਡ (ਕਾਲੀ ਦਵਾਈ) ਮਿਲਾ ਕੇ ਤਾਜ਼ਾ ਮਿਸ਼ਰਣ ਤਿਆਰ ਕਰੋ । ਇਸ ਵਿੱਚ ਕਦੇ ਵੀ ਪਾਣੀ ਨਾ ਮਿਲਾਉ ।

4. **ਚੂਹਿਆਂ ਨੂੰ ਗੇਝ ਪਾਉਣ ਦਾ ਕੀ ਢੰਗ ਹੈ ?**

- ਜ਼ਹਿਰੀਲੇ ਚੋਗੇ ਨੂੰ ਵਰਤਣ ਤੋਂ ਪਹਿਲਾਂ ਚੂਹਿਆਂ ਨੂੰ ਗੇਝ ਪਾਉਣੀ ਬਹੁਤ ਜ਼ਰੂਰੀ ਹੈ । ਇਸ ਲਈ ਇੱਕ ਕਿਲੋ ਬਾਜਰਾ ਜਾਂ ਜੁਆਰ ਦੇ ਦਲੀਏ ਵਿੱਚ 20 ਗਰਾਮ ਤੇਲ ਪਾਉ । ਇਸ ਚੋਗੇ ਨੂੰ ਇੱਕ ਏਕੜ ਵਿੱਚ 40 ਥਾਵਾਂ ਤੇ 10-10 ਗਰਾਮ ਹਰ ਇੱਕ ਥਾਂ ਤੇ 2-3 ਦਿਨਾਂ ਲਈ ਰੱਖੋ । ਇੱਕ ਕਿਲੋ ਚੋਗਾ ਢਾਈ ਏਕੜ ਲਈ ਕਾਫ਼ੀ ਹੈ ।

5. **ਜ਼ਹਿਰੀਲੇ ਚੋਗੇ ਦੀ ਵਰਤੋਂ ਸਮੇਂ ਵਰਤੀਆਂ ਜਾਣ ਵਾਲੀਆਂ ਕੋਈ ਚਾਰ ਸਾਵਧਾਨੀਆਂ ਲਿਖੋ ।**

- (i) ਜ਼ਹਿਰੀਲਾ ਚੋਗਾ ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ ।
  (ii) ਚੋਗੇ ਵਿੱਚ ਜ਼ਹਿਰੀਲੀ ਦਵਾਈ ਸੋਟੀ, ਖੁਰਪੇ ਜਾਂ ਹੱਥਾਂ ਤੇ ਦਸਤਾਨੇ ਪਾ ਕੇ ਮਿਲਾਓ ।
  (iii) ਜ਼ਹਿਰੀਲਾ ਚੋਗਾ ਬਣਾਉਣ ਲਈ ਕਦੇ ਵੀ ਰਸੋਈ ਦੇ ਭਾਂਡੇ ਨਾ ਵਰਤੋ । ਇਨ੍ਹਾਂ ਨੂੰ ਰੱਖਣ ਲਈ ਪੌਲੀਥੀਨ ਦੇ ਲਿਫ਼ਾਫ਼ੇ ਵਰਤੋ ।
  (iv) ਬਚਿਆ ਹੋਇਆ ਚੋਗਾ ਅਤੇ ਖੇਤਾਂ ਵਿੱਚੋਂ ਮਰੇ ਚੂਹੇ ਇਕੱਠੇ ਕਰਕੇ ਮਿੱਟੀ ਵਿੱਚ ਦੱਬ ਦਿਉ ।

# ਪਾਠ - 11
# ਪੌਦਾ ਰੋਗ ਨਿਵਾਰਨ ਕਲੀਨਿਕ

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

1. ਪੌਦਿਆਂ ਦੇ ਹਸਪਤਾਲ ਨੂੰ ਕੀ ਕਹਿੰਦੇ ਹਨ ?
   (ੳ) ਵੈਟਨਰੀ ਕਲੀਨਿਕ (ਅ) ਡੈਂਟਲ ਕਲਨਿਕ
   (ੲ) ਪਲਾਂਟ ਕਲੀਨਿਕ (ਸ) ਹਾਰਟ ਕਲੀਨਿਕ
2. ਪੀ. ਏ. ਯੂ. ਵਿੱਚ ਪਹਿਲਾ ਪਲਾਂਟ ਬੀਮਾਰੀ ਕਲੀਨਿਕ ਕਦੋਂ ਸ਼ੁਰੂ ਕੀਤਾ ਗਿਆ ?
   (ੳ) 1978 (ਅ) 1987
   (ੲ) 1962 (ਸ) 1957
3. ਪੰਜਾਬ ਵਿੱਚ ਕਿੰਨੇ ਕ੍ਰਿਸ਼ੀ ਵਿਗਿਆਨ ਕੇਂਦਰ ਚੱਲ ਰਹੇ ਹਨ ?
   (ੳ) 29 (ਅ) 27
   (ੲ) 7 (ਸ) 17
4. ਪੀ. ਏ. ਯੂ. ਦੇ ਪਲਾਂਟ ਕਲੀਨਿਕ ਵਿੱਚ ਕਿਹੜੇ ਵਿਦਿਆਰਥੀਆਂ ਨੂੰ ਪੌਦਿਆਂ ਦੇ ਅਧਿਐਨ ਦੀ ਵਿਹਾਰਕ ਸਿਖਲਾਈ ਦਿੱਤੀ ਜਾਂਦੀ ਹੈ ?
   (ੳ) ਬੀ. ਐੱਸ-ਸੀ. ਖੇਤੀਬਾੜੀ (ਅ) ਬੀ. ਡੀ. ਐੱਸ.
   (ੲ) ਬੀ. ਏ. (ਸ) ਬੀ. ਕਾਮ.
5. ਪੀ. ਏ. ਯੂ. ਦੇ ਪਲਾਂਟ ਕਲੀਨਿਕ ਦਾ ਈ-ਮੇਲ ਪਤਾ ਕੀ ਹੈ ?
   (ੳ) plantclinic@pau.edu (ਅ) 9463048181
   (ੲ) 0161-2401960 ਐਕਸਟੈਨਸ਼ਨ 417 (ਸ) www.pau.edu
6. ਬਹੁਤ ਸੂਖ਼ਮ ਵਸਤੂਆਂ ਨੂੰ ਵੇਖਣ ਲਈ ਕਿਹੜੇ ਉਪਕਰਣ ਦੀ ਵਰਤੋਂ ਕੀਤੀ ਜਾਂਦੀ ਹੈ ?
   (ੳ) ਦੂਰਦਰਸ਼ੀ (ਅ) ਸੂਖ਼ਮਦਰਸ਼ੀ (ਮਾਈਕਰੋਸਕੋਪ)
   (ੲ) ਕੰਪਿਊਟਰ (ਸ) ਰੋਟਾਵੇਟਰ
7. ਪੀ. ਏ. ਯੂ. ਦੇ ਪਲਾਂਟ ਕਲੀਨਿਕ ਦਾ ਮੋਬਾਇਲ ਫ਼ੋਨ ਨੰਬਰ ਕੀ ਹੈ ?
   (ੳ) plantclinic@pau.edu (ਅ) 9463048181
   (ੲ) 0161-2401960 ਐਕਸਟੈਨਸ਼ਨ 417 (ਸ) www.pau.edu
8. ਪਲਾਂਟ ਕਲੀਨਿਕ ਵਿੱਚ ਕਿਹੜੇ-ਕਿਹੜੇ ਵਿਭਾਗਾਂ ਦੇ ਵਿਗਿਆਨੀ ਹੁੰਦੇ ਹਨ ?
   (ੳ) ਪੌਦਾ ਰੋਗ ਅਤੇ ਕੀਟ ਵਿਗਿਆਨ (ਅ) ਭੂਮੀ ਵਿਗਿਆਨ
   (ੲ) ਫ਼ਸਲ ਵਿਗਿਆਨ (ਸ) ਉਪਰੋਕਤ ਸਾਰੇ
9. ਸਲਾਈਡਾਂ ਤੋਂ ਚਿੱਤਰ ਕਿਹੜੇ ਉਪਕਰਣ ਦੀ ਸਹਾਇਤਾ ਨਾਲ ਵੇਖੇ ਜਾ ਸਕਦੇ ਹਨ ?
   (ੳ) ਪ੍ਰੋਜੈਕਟਰ (ਅ) ਮਾਈਕਰੋਸਕੋਪ
   (ੲ) ਇਨਕੂਬੇਟਰ (ਸ) ਟੈਲੀਸਕੋਪ
10. ਫੋਟੋਆਂ ਸਕੈਨ ਕਰਨ ਲਈ ਕਿਸ ਉਪਕਰਣ ਦੀ ਵਰਤੋਂ ਕੀਤੀ ਜਾਂਦੀ ਹੈ ?
   (ੳ) ਮਾਈਕਰੋਸਕੋਪ (ਅ) ਸਕੈਨਰ
   (ੲ) ਪ੍ਰਿੰਟਰ (ਸ) ਫੈਕਸ

**ਉੱਤਰ :** 1. (ੲ) 2. (ੳ) 3. (ਸ) 4. (ੳ) 5. (ੳ)
6. (ਅ) 7. (ਅ) 8. (ਸ) 9. (ੳ) 10. (ਅ)

**ਹੇਠ ਲਿਖੀਆਂ ਖ਼ਾਲੀ ਥਾਵਾਂ ਵਿੱਚ ਬਰੈਕਟ ਵਿੱਚੋਂ ਸਹੀ ਸ਼ਬਦ ਚੁਣ ਕੇ ਭਰੋ :**

1. ਪੀ. ਏ. ਯੂ. ਵੱਲੋਂ ਸੈਂਟਰਲ ਪਲਾਂਟ ਕਲੀਨਿਕ ਸੰਨ ................ ਵਿੱਚ ਸਥਾਪਿਤ ਕੀਤਾ ਗਿਆ । (1978 / 1993)
2. ਖੇਤਰੀ ਖੋਜ ਕੇਂਦਰ ਅਬੋਹਰ, ਬਠਿੰਡਾ ਅਤੇ ਗੁਰਦਾਸਪੁਰ ਵਿੱਚ ਵੀ ............. ਕਲੀਨਿਕ ਹਨ । (ਵੈਟਨਰੀ / ਪਲਾਂਟ)
3. .................. ਤੇਲ ਬੀਜ ਫ਼ਸਲਾਂ ਦਾ ਪ੍ਰਮੁੱਖ ਦੁਸ਼ਮਣ ਹੈ । (ਚੱਕੀਰਾਹਾ / ਤੋਤਾ)
4. ਕੰਡੀ ਦਾ ਇਲਾਕਾ ................... ਜ਼ਿਲ੍ਹੇ ਵਿੱਚ ਪਾਇਆ ਜਾਂਦਾ ਹੈ । (ਬਠਿੰਡਾ / ਹੁਸ਼ਿਆਰਪੁਰ)
5. ਸਹੀ ਰੰਗਾਂ, ਛੋਟੀਆਂ ਨਿਸ਼ਾਨੀਆਂ ਦੇਖਣ ਲਈ ................. ਦੀ ਵਰਤੋਂ ਕੀਤੀ ਜਾਂਦੀ ਹੈ । (ਸਕੈਨਰ / ਮਾਈਕਰੋਸਕੋਪ)
6. ........... ਰਸਾਇਣ ਦੀ ਵਰਤੋਂ ਨਮੂਨਿਆਂ ਨੂੰ ਸਾਂਭਣ ਲਈ ਕੀਤੀ ਜਾਂਦੀ ਹੈ । (ਫਾਰਮਲੀਨ / ਮੈਲਾਥਿਆਨ)
7. .................... ਆਪਣਾ ਆਲ੍ਹਣਾ ਝੁੰਡਾਂ ਵਿੱਚ ਦਰਖ਼ਤਾਂ ਦੇ ਉੱਪਰ ਬਣਾਉਂਦਾ ਹੈ । (ਗਾਏ ਬਗਲਾ / ਟਟ੍ਹੀਰੀ)
8. ਟਟ੍ਹੀਰੀ ਦੀ ਗਰਦਨ ................. ਰੰਗ ਦੀ ਹੁੰਦੀ ਹੈ । (ਕਾਲੇ / ਨੀਲੇ)
9. ..................... ਰਾਹੀਂ ਬੀਮਾਰ ਪੌਦਿਆਂ ਦੀ ਫ਼ੋਟੋਆਂ ਖਿੱਚੀਆਂ ਜਾਂਦੀਆਂ ਹਨ । (ਕੈਮਰੇ / ਇਨਕੂਬੇਟਰ)
10. ਕਿਸਾਨ ਆਪਣਾ ............. ਨੰਬਰ ਰਜਿਸਟਰਡ ਕਰਵਾ ਕੇ KMAS ਸੇਵਾ ਦਾ ਲਾਭ ਲੈ ਸਕਦੇ ਹਨ । (ਵਾਹਨ / ਮੋਬਾਇਲ)

**ਉੱਤਰ :** 1. 1993 2. ਪਲਾਂਟ 3. ਤੋਤਾ 4. ਹੁਸ਼ਿਆਰਪੁਰ 5. ਮਾਈਕਰੋਸਕੋਪ
6. ਫਾਰਮਲੀਨ 7. ਗਾਏ ਬਗਲਾ 8. ਕਾਲੇ 9. ਕੈਮਰੇ 10. ਮੋਬਾਇਲ

**ਹੇਠ ਲਿਖੇ ਕਥਨਾਂ ਵਿੱਚੋਂ ਸਹੀ / ਗਲਤ ਚੁਣੋ :**

1. ਪਸ਼ੂਆਂ ਦੇ ਹਸਪਤਾਲ ਨੂੰ ਪਲਾਂਟ ਕਲੀਨਿਕ ਕਿਹਾ ਜਾਂਦਾ ਹੈ ।
2. ਪੀ. ਏ. ਯੂ. ਦੇ ਪਲਾਂਟ ਕਲੀਨਿਕ ਦਾ ਈ-ਮੇਲ ਪਤਾ www.pau.edu ਹੈ ।
3. ਪੀ. ਏ. ਯੂ. ਦੂਤ ਮੋਬਾਇਲ ਫੋਨ ਅਤੇ ਇੰਟਰਨੈੱਟ ਰਾਹੀਂ ਖੇਤੀ ਮਾਹਿਰਾਂ ਅਤੇ ਕਿਸਾਨਾਂ ਵਿੱਚ ਪੁਲ ਦਾ ਕੰਮ ਕਰਦੇ ਹਨ ।
4. ਪਲਾਂਟ ਕਲੀਨਿਕ ਤੇ ਵਟਸ ਐਪ ਰਾਹੀਂ ਪੌਦਿਆਂ ਦੀਆਂ ਤਸਵੀਰਾਂ ਭੇਜ ਕੇ ਕਿਸਾਨ ਵੀਰ ਮੁਸ਼ਕਿਲ ਦਾ ਹੱਲ ਪੁੱਛ ਸਕਦੇ ਹਨ ।
5. ਪੀ. ਏ. ਯੂ. ਪਲਾਂਟ ਕਲੀਨਿਕ ਦੀ ਚੱਲਦੀ ਫਿਰਦੀ ਵੈਨ ਰਾਹੀਂ ਪਿੰਡਾਂ ਵਿੱਚ ਫ਼ਿਲਮਾਂ ਵਿਖਾ ਕੇ ਕਿਸਾਨਾਂ ਨੂੰ ਤਕਨੀਕੀ ਜਾਣਕਾਰੀ ਦਿੱਤੀ ਜਾਂਦੀ ਹੈ ।
6. ਪਲਾਂਟ ਕਲੀਨਿਕ ਵਿੱਚ ਮੋਬਾਇਲ ਫ਼ੋਨ ਤੇ ਕਿਸੇ ਸਮੱਸਿਆ ਦਾ ਹੱਲ ਨਹੀਂ ਕੀਤਾ ਜਾਂਦਾ ।
7. ਪਲਾਂਟ ਕਲੀਨਿਕ ਵਿੱਚ ਪੌਦਾ ਰੋਗ, ਕੀਟ, ਭੂਮੀ ਅਤੇ ਫ਼ਸਲ ਵਿਗਿਆਨੀ ਤਾਇਨਾਤ ਹੁੰਦੇ ਹਨ ।
8. ਪੀ. ਏ. ਯੂ. ਦੇ ਖੇਤਰੀ ਖੋਜ ਕੇਂਦਰਾਂ ਵਿੱਚ ਕੋਈ ਪਲਾਂਟ ਕਲੀਨਿਕ ਨਹੀਂ ਹੈ ।
9. ਸਲਾਈਡਾਂ ਤੋਂ ਚਿੱਤਰ ਇਨਕੁਬੇਟਰ ਦੀ ਸਹਾਇਤਾ ਨਾਲ ਵੇਖੇ ਜਾ ਸਕਦੇ ਹਨ ।
10. ਪੀ. ਏ. ਯੂ. ਦੇ ਪਲਾਂਟ ਕਲੀਨਿਕ ਦਾ ਲੈਂਡਲਾਈਨ ਟੈਲੀਫ਼ੋਨ ਨੰਬਰ 0161-2401960 ਐਕਸਟੈਨਸ਼ਨ-417 ਹੈ ।

**ਉੱਤਰ :** 1. ਗਲਤ 2. ਗਲਤ 3. ਸਹੀ 4. ਸਹੀ 5. ਸਹੀ
6. ਗਲਤ 7. ਸਹੀ 8. ਗਲਤ 9. ਗਲਤ 10. ਸਹੀ

**ਸਹੀ ਮਿਲਾਨ ਕਰੋ :**

| | | | |
|---|---|---|---|
| 1. | ਪੌਦਿਆਂ ਦੇ ਹਸਪਤਾਲ | (i) | ਬੀਮਾਰ ਪੌਦਿਆਂ ਦੀਆਂ ਫੋਟੋਆਂ ਖਿੱਚਣ ਲਈ |
| 2. | ਪ੍ਰੋਜੈਕਟਰ ਦੀ ਵਰਤੋਂ | (ii) | ਮਾਈਕਰੋਸਕੋਪ |
| 3. | ਬਹੁਤ ਸੂਖ਼ਮ ਜੀਵਾਂ ਨੂੰ ਵੇਖਣ ਲਈ ਉਪਕਰਣ | (iii) | ਪਲਾਂਟ ਕਲੀਨਿਕ |
| 4. | ਫੋਟੋਆਂ ਸਕੈਨ ਕਰਨ ਵਾਲਾ ਉਪਕਰਣ | (iv) | ਸਲਾਈਡਾਂ ਤੋਂ ਚਿੱਤਰ ਵੇਖਣ ਲਈ |
| 5. | ਫੋਟੋ ਕੈਮਰੇ ਦੀ ਵਰਤੋਂ | (v) | ਸਕੈਨਰ |

**ਉੱਤਰ :** 1. (ii) 2. (iv) 3. (iii) 4. (v) 5. (i)

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਇੱਕ-ਦੋ ਵਾਕਾਂ ਵਿੱਚ ਦਿਓ :**

1. **ਪਲਾਂਟ ਕਲੀਨਿਕ ਕੀ ਹੈ ?**
- ਪਲਾਂਟ ਕਲੀਨਿਕ ਉਹ ਹਸਪਤਾਲ ਹੈ ਜਿੱਥੇ ਪੌਦਿਆਂ ਦੀਆਂ ਵੱਖ-ਵੱਖ ਸਮੱਸਿਆਵਾਂ ਬਾਰੇ ਅਧਿਐਨ ਕੀਤਾ ਜਾਂਦਾ ਹੈ ਅਤੇ ਸਮੱਸਿਆਵਾਂ ਨੂੰ ਦੂਰ ਕਰਨ ਲਈ ਇਲਾਜ਼ ਦੱਸਿਆ ਜਾਂਦਾ ਹੈ ।

2. **ਪਲਾਂਟ ਕਲੀਨਿਕ ਵਿੱਚ ਪੌਦਿਆਂ ਦੀਆਂ ਕਿਹੜੀਆਂ-ਕਿਹੜੀਆਂ ਸਮੱਸਿਆਵਾਂ ਦਾ ਹੱਲ ਕੀਤਾ ਜਾਂਦਾ ਹੈ ?**
- ਪੌਦਿਆਂ ਦੇ ਹਸਪਤਾਲ ਵਿੱਚ ਪੌਦਿਆਂ ਉੱਪਰ ਬੀਮਾਰੀ ਦਾ ਹਮਲਾ, ਕੀੜੇ ਦਾ ਹਮਲਾ, ਖ਼ੁਰਾਕੀ ਤੱਤਾਂ ਦੀ ਘਾਟ ਆਦਿ ਸਮੱਸਿਆਵਾਂ ਦਾ ਹੱਲ ਕੀਤਾ ਜਾਂਦਾ ਹੈ, ਜਿਨ੍ਹਾਂ ਕਰਕੇ ਪੌਦੇ ਲੋੜੀਂਦਾ ਝਾੜ ਦੇਣ ਤੋਂ ਅਸਮਰੱਥ ਹੋ ਜਾਂਦੇ ਹਨ ।

3. **ਪੀ. ਏ. ਯੂ. ਦੇ ਪਲਾਂਟ ਕਲੀਨਿਕ ਵਿੱਚ ਕਿਹੜੇ-ਕਿਹੜੇ ਵਿਭਾਗਾਂ ਦੇ ਮਾਹਿਰ ਵਿਗਿਆਨੀ ਤਾਇਨਾਤ ਹੁੰਦੇ ਹਨ ?**
- ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਪੌਦਾ ਰੋਗ ਵਿਗਿਆਨ, ਕੀਟ ਵਿਗਿਆਨ, ਭੂਮੀ ਵਿਗਿਆਨ ਅਤੇ ਫ਼ਸਲ ਵਿਗਿਆਨ ਆਦਿ ਵਿਭਾਗਾਂ ਦੇ ਮਾਹਿਰ ਤਾਇਨਾਤ ਹੁੰਦੇ ਹਨ ।

4. **ਪੀ. ਏ. ਯੂ. ਦੇ ਪਲਾਂਟ ਕਲੀਨਿਕ ਦਾ ਲੈਂਡਲਾਈਨ ਟੈਲੀਫੋਨ ਨੰਬਰ ਕੀ ਹੈ ?**
- ਪਲਾਂਟ ਕਲੀਨਿਕ ਵਿੱਚ ਕਿਸਾਨਾਂ ਦੀ ਸਹੂਲਤ ਅਤੇ ਤਕਨੀਕੀ ਜਾਣਕਾਰੀ ਲਈ ਵੱਖ-ਵੱਖ ਵਿਸ਼ਿਆਂ ਦੇ ਮਾਹਿਰ ਨਿੱਜੀ ਤੌਰ ਤੇ ਘਰ ਬੈਠਿਆਂ ਕਿਸਾਨਾਂ ਨੂੰ ਲੈਂਡਲਾਈਨ ਟੈਲਫੋਨ ਨੰਬਰ 0161-2401960 ਐਕਸਟੈਨਸ਼ਨ-417 ਤੇ ਜਾਣਕਾਰੀ ਦਿੰਦੇ ਹਨ ।

5. **ਪਲਾਂਟ ਕਲੀਨਿਕ ਵਿੱਚ ਕਿਹੜੇ ਵਿਦਿਆਰਥੀਆਂ ਨੂੰ ਪੌਦਿਆਂ ਦੇ ਅਧਿਐਨ ਦੀ ਵਿਹਾਰਕ ਸਿਖਲਾਈ ਦਿੱਤੀ ਜਾਂਦੀ ਹੈ ?**
- ਪਲਾਂਟ ਕਲੀਨਿਕ ਵਿੱਚ ਬੀ. ਐੱਸ-ਸੀ. ਖੇਤੀਬਾੜੀ ਕਰ ਰਹੇ ਵਿਦਿਆਰਥੀਆਂ ਨੂੰ ਪੌਦਿਆਂ ਦੇ ਅਧਿਐਨ ਦੀ ਵਿਹਾਰਕ ਸਿਖਲਾਈ ਦਿੱਤੀ ਜਾਂਦੀ ਹੈ।

6. **ਪਲਾਂਟ ਕਲੀਨਿਕ ਵਿੱਚ ਚਾਕੂ/ਛੁਰੀਆਂ/ਕੈਂਚੀ ਕੀ ਕੰਮ ਆਉਂਦੇ ਹਨ ?**
- ਚਾਕੂ/ਛੁਰੀਆਂ/ਕੈਂਚੀ ਵਰਗੇ ਔਜ਼ਾਰ ਪੌਦੇ ਨੂੰ ਮਾਈਕਰੋਸਕੋਪ ਹੇਠਾਂ ਵੇਖਣ ਯੋਗ ਬਣਾਉਣ ਲਈ ਚੀਰਫਾੜ ਕਰਨ ਲਈ ਵਰਤੇ ਜਾਂਦੇ ਹਨ ।

7. **ਪਲਾਂਟ ਕਲੀਨਿਕ ਵਿੱਚ ਕਿਤਾਬਾਂ ਕੀ ਕੰਮ ਆਉਂਦੀਆਂ ਹਨ ?**
- ਪਲਾਟ ਕਲੀਨਿਕ ਵਿੱਚ ਮੌਜੂਦ ਕਿਤਾਬਾਂ ਵਿੱਚ ਬੀਮਾਰੀ, ਕੀੜੇ ਅਤੇ ਤੱਤਾਂ ਦੀ ਘਾਟ ਆਦਿ ਦੀ ਪਛਾਣ ਕਰਨ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਰਜ ਹੁੰਦੀ ਹੈ । ਇਨ੍ਹਾਂ ਦੀ ਸਹਾਇਤਾ ਨਾਲ ਪੌਦਿਆਂ ਦੀਆਂ ਅਲਾਮਤਾਂ ਦੀ ਪਛਾਣ ਕੀਤੀ ਜਾਂਦੀ ਹੈ ।

8. **ਕਿਸਾਨਾਂ ਨੂੰ ਆਰਥਿਕ ਨੁਕਸਾਨ ਦੀ ਹੱਦ (ਇਕਨਾਮਿਕ ਥਰੈਸ਼ਹੋਲਡ ਲੈਵਲ) ਦੇ ਗਿਆਨ ਦੇ ਕੀ ਲਾਭ ਹਨ ?**
- ਇਸ ਦੇ ਗਿਆਨ ਨਾਲ ਜ਼ਹਿਰਾਂ ਤੇ ਹੋਣ ਵਾਲਾ ਖਰਚਾ ਘੱਟਦਾ ਹੈ ਅਤੇ ਜ਼ਹਿਰਾਂ ਦੀ ਅੰਧਾਧੁੰਦ ਅਤੇ ਬੇਲੋੜੀ ਵਰਤੋਂ ਵੀ ਰੁਕਦੀ ਹੈ ।

9. **ਵਟਸ ਐਪ ਰਾਹੀਂ ਕਿਸਾਨ ਪਲਾਂਟ ਕਲੀਨਿਕ ਤੋਂ ਕਿਵੇਂ ਲਾਭ ਉਠਾ ਸਕਦੇ ਹਨ ?**
- ਪਲਾਂਟ ਕਲੀਨਿਕ ਦੇ ਮਾਹਿਰਾਂ ਨੂੰ ਕਿਸਾਨ ਵੀਰ ਵਟਸ ਐਪ ਰਾਹੀਂ ਪ੍ਰਭਾਵਿਤ ਪੌਦਿਆਂ ਦੀਆਂ ਤਸਵੀਰਾਂ ਭੇਜ ਕੇ ਆਪਣੀ ਮੁਸ਼ਕਿਲ ਦਾ ਹੱਲ ਪੁੱਛ ਸਕਦੇ ਹਨ ।

10. **ਪਲਾਂਟ ਕਲੀਨਿਕ ਵਿੱਚ ਪੌਦਿਆਂ ਦੇ ਨਮੂਨਿਆਂ ਨੂੰ ਸਾਂਭ ਕੇ ਰੱਖਣ ਲਈ ਕਿਸ ਤਰ੍ਹਾਂ ਦੇ ਬਰਤਨਾਂ ਦੀ ਲੋੜ ਪੈਂਦੀ ਹੈ ?**
- ਪਲਾਂਟ ਕਲੀਨਿਕ ਵਿੱਚ ਪੌਦਿਆਂ ਦੇ ਨਮੂਨਿਆਂ ਨੂੰ ਸ਼ੀਸ਼ੇ ਦੇ ਬਰਤਨਾਂ ਵਿੱਚ ਸਾਂਭਿਆ ਜਾਂਦਾ ਹੈ ।

ਭਪਿਤ

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਤਿੰਨ-ਚਾਰ ਵਾਕਾਂ ਵਿੱਚ ਦਿਓ :

1. **ਇਕਨਾਮਿਕ ਥਰੈਸ਼ਹੋਲਡ ਤੋਂ ਕੀ ਭਾਵ ਹੈ ?**

- ਆਰਥਿਕ ਨੁਕਸਾਨ ਦੀ ਹੱਦ (ਇਕਨਾਮਿਕ ਥਰੈਸ਼ਹੋਲਡ) ਫ਼ਸਲੀ ਬੀਮਾਰੀਆਂ ਅਤੇ ਕੀੜਿਆਂ ਦੀ ਉਹ ਅਵਸਥਾ ਹੈ, ਜਦੋਂ ਇਨ੍ਹਾਂ ਦਾ ਹਮਲਾ/ਗਿਣਤੀ ਪੌਦਿਆਂ ਤੇ ਇੱਕ ਖਾਸ ਪੱਧਰ ਤੇ ਪਹੁੰਚ ਜਾਂਦੀ ਹੈ, ਜਿੱਥੇ ਦਵਾਈ ਦਾ ਸਪਰੇਅ ਕਰਨਾ ਜ਼ਰੂਰੀ ਸਮਝਿਆ ਜਾਂਦਾ ਹੈ ।

2. **ਮੋਬਾਈਲ ਡਾਇਗਨੋਸਟਿਕ-ਕਮ-ਐਗਜ਼ੀਬੀਸ਼ਨ ਵੈਨ ਬਾਰੇ ਤੁਸੀਂ ਕੀ ਜਾਣਦੇ ਹੋ ?**

- ਪੀ. ਏ. ਯੂ. ਦੇ ਪਲਾਂਟ ਕਲੀਨਿਕ ਕੋਲ ਪੌਦਿਆਂ ਦੇ ਨਿਰੀਖਣ ਅਤੇ ਪ੍ਰਦਰਸ਼ਨੀ ਲਈ ਚੱਲਦੀ-ਫਿਰਦੀ ਵੈਨ ਹੈ ਜੋ ਪਿੰਡਾਂ ਵਿੱਚ ਫਿਲਮਾਂ ਵਿਖਾ ਕੇ ਖੇਤੀ ਦੀ ਤਕਨੀਕੀ ਜਾਣਕਾਰੀ ਕਿਸਾਨਾਂ ਨੂੰ ਦਿੰਦੀ ਹੈ । ਇਸ ਵਿੱਚ ਪਲਾਂਟ ਕਲੀਨਿਕ ਨਾਲ ਸਬੰਧਤ ਸਮਾਨ ਹੁੰਦਾ ਹੈ ਜਿਸ ਦੀ ਸਹਾਇਤਾ ਨਾਲ ਮਾਹਿਰਾਂ ਵੱਲੋਂ ਮੌਕੇ ਤੇ ਹੀ ਸਮੱਸਿਆਵਾਂ ਦਾ ਨਿਰੀਖਣ ਕਰਕੇ ਇਲਾਜ਼ ਬਾਰੇ ਦੱਸਿਆ ਜਾਂਦਾ ਹੈ ।

3. **ਬੀਮਾਰ ਪੌਦਿਆਂ ਦੇ ਨਮੂਨੇ ਸਾਂਭ ਕੇ ਰੱਖਣ ਲਈ ਵਰਤੇ ਜਾਂਦੇ ਚਾਰ ਰਸਾਇਣਾਂ ਦੇ ਨਾਂ ਲਿਖੋ ।**

- (i) ਫਾਰਮਲੀਨ
  (ii) ਕਾਪਰ ਐਸੀਟੇਟ
  (iii) ਐਸਟਿਕ ਐਸਿਡ
  (iv) ਅਲਕੋਹਲ

4. **ਪਲਾਂਟ ਕਲੀਨਿਕ ਵਿੱਚ ਕੰਪਿਊਟਰ ਕੀ ਕੰਮ ਆਉਂਦਾ ਹੈ ?**

- ਕਈ ਤਰ੍ਹਾਂ ਦੇ ਨਮੂਨੇ ਨਾ ਗਿੱਲੇ ਅਤੇ ਨਾ ਸੁਕਾ ਕੇ ਰੱਖੇ ਜਾ ਸਕਦੇ ਹਨ । ਇਸ ਲਈ ਜਾਂ ਤਾਂ ਉਨ੍ਹਾਂ ਦੀਆਂ ਫੋਟੋਆਂ ਲਈਆਂ ਜਾਂਦੀਆਂ ਹਨ ਜਾਂ ਸਕੈਨਰ ਦੁਆਰਾ ਸਕੈਨ ਕਰਕੇ ਕੰਪਿਊਟਰ ਵਿੱਚ ਸਾਂਭੇ ਜਾ ਸਕਦੇ ਹਨ ।

5. **ਪਲਾਂਟ ਕਲੀਨਿਕ ਵਿੱਚ ਮਾਈਕਰੋਸਕੋਪ ਕੀ ਕੰਮ ਆਉਂਦਾ ਹੈ ?**

- ਪੌਦੇ ਦੀ ਚੀਰਫਾੜ ਕਰਨ ਤੋਂ ਬਾਅਦ ਬੀਮਾਰੀ ਦੇ ਲੱਛਣ ਵੇਖਣ ਲਈ ਮਾਈਕਰੋਸਕੋਪ ਦੀ ਲੋੜ ਪੈਂਦੀ ਹੈ । ਇਸ ਤਰ੍ਹਾਂ ਕੀੜੇ ਅਤੇ ਬੀਮਾਰੀ ਦੀ ਸਹੀ ਪਛਾਣ ਕੀਤੀ ਜਾਂਦੀ ਹੈ । ਸਹੀ ਰੰਗਾਂ ਅਤੇ ਛੋਟੀਆਂ ਨਿਸ਼ਾਨੀਆਂ ਦੀ ਪਛਾਣ ਵੀ ਮਾਈਕਰੋਸਕੋਪ ਰਾਹੀਂ ਕੀਤੀ ਜਾਂਦੀ ਹੈ ।